ਪ੍ਰਕਾਸ਼ਨ ਨੰ: 148

# ਸਾਧੂ ਦਯਾ ਨੰਦ ਤੇ ਮੇਰਾ ਸੰਬਾਦ



ਕ੍ਰਿਤ
ਗਿਆਨੀ ਦਿੱਤ ਸਿੰਘ ਜੀ

ਪ੍ਰਕਾਸ਼ਕ:
ਸਿੱਖ ਮਿਸ਼ਨਰੀ ਕਾਲਜ (ਰਜਿ.)
ਲੁਧਿਆਣਾ।

11 ਰੁਪਏ

Page 1 www.sikhbookclub.com

੧ੴ ਵਾਹਿਗੁਰੂ ਜੀ ਕੀ ਫ਼ਤਹਿ ॥

ਪ੍ਰਕਾਸ਼ਨ ਨੰ: 148

# ਸਾਧੂ ਦਯਾਨੰਦ ਤੇ ਮੇਰਾ ਸੰਬਾਦ

ਕ੍ਰਿਤ
ਗਿਆਨੀ ਦਿੱਤ ਸਿੰਘ ਜੀ

ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ।

 www.sikhbookclub.com

# ਸਾਧੂ ਦਯਾਨੰਦ ਤੇ ਮੇਰਾ ਸੰਬਾਦ

*ਕ੍ਰਿਤ ਗਿਆਨੀ ਦਿੱਤ ਸਿੰਘ ਜੀ*

© ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

ਪ੍ਰਕਾਸ਼ਕ : ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ।
ਛਾਪਕ : ਬਰਾਈਟ ਪ੍ਰਿੰਟਰਜ਼, ਜਲੰਧਰ।
ਟਾਈਪਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।
ਫੋਨ : 94637-64811, 98760-71280

SIKHBOOKCLUB.COM

*ਮਿਲਣ ਦੇ ਪਤੇ :*

**ਸਿੱਖ ਮਿਸ਼ਨਰੀ ਕਾਲਜ (ਰਜਿ:)**

1051/14, ਫੀਲਡ ਗੰਜ, ਲੁਧਿਆਣਾ-141 074 ਫੋਨ : 0161-5021815
**Website : www.sikhmissionarycollege.org**
**www.smcludhiana.com**
**E-mail : query@smcludhiana.com**

*ਸਬ-ਆਫਿਸ :*
C-135, ਮਾਨਸਰੋਵਰ ਗਾਰਡਨ, ਨਵੀਂ ਦਿੱਲੀ-110015 ਫੋਨ : 011-65330502

**ਅਤੇ ਸਿੱਖ ਮਿਸ਼ਨਰੀ ਕਾਲਜ ਦੇ ਸਭ ਸਰਕਲਾਂ ਪਾਸੋਂ**

 www.sikhbookclub.com

# ਅਰੰਭਕ ਬੇਨਤੀ

ਗਿਆਨੀ ਦਿੱਤ ਸਿੰਘ ਜੀ ਦੀ ਇਹ ਪੁਸਤਕ ਕੁਝ ਪਹਿਲੂਆਂ ਤੋਂ ਅਤਿਅੰਤ ਹੀ ਮਨੋਰੰਜਕ ਤੇ ਕੀਮਤੀ ਹੈ। ਇਸ ਦੇ ਆਰੰਭ ਵਿਚ ਭਾਈ ਸਾਹਿਬ ਜੀ ਦੀ ਆਪਣੀ ਜੀਵਨੀ ਦੇ ਅਰੰਭਕ ਹਾਲਾਤ ਹਨ, ਜਿਨ੍ਹਾਂ ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਉਹ ਆਪਣੀ ਸਾਰੀ ਜੀਵਨੀ ਲਿਖਣ ਦੀ ਅਭਿਲਾਸ਼ਾ ਰਖਦੇ ਸਨ। ਜੇਕਰ ਆਪ ਜੀ ਆਪਣਾ ਜੀਵਨ ਮੁਕੰਮਲ ਲਿਖ ਜਾਂਦੇ ਤਾਂ ਕਿਤਨਾ ਚੰਗਾ ਹੁੰਦਾ? ਬੜੇ ਅਹਿਮ ਵਾਕਿਆਤ ਸਾਹਮਣੇ ਆਉਂਦੇ ਤੇ ਆਪਣੇ ਸਮੇਂ ਦੀ ਦਾਸਤਾਂ ਦੇ ਨਾਲ ਨਾਲ ਉਨ੍ਹਾਂ ਦੀ ਵਿਦਵਤਾ ਦੇ ਕਈ ਸਿਖਿਆਦਾਇਕ ਨੁਕਤੇ ਵੀ ਪ੍ਰਗਟ ਹੋਣੇ ਅਵੱਸ਼ ਸਨ।

ਦੂਜਾ ਮਹਾਨ ਪਹਿਲੂ ਇਸ ਛੋਟੀ ਜਿਹੀ ਪੁਸਤਕ ਦਾ ਇਹ ਹੈ ਕਿ ਭਾਈ ਸਾਹਿਬ ਅੰਦਰ ਵਿਦਵਤਾ ਦੇ ਨਾਲ ਨਾਲ ਇਤਨਾ ਬਲ, ਨਿਰਭੈਤਾ ਤੇ ਅਦੁੱਤੀ ਸਾਹਸ ਸੀ ਕਿ ਆਪ ਜੀ ਨੇ ਉਸ ਵੇਲੇ ਦੇ 'ਮਹਾਨ ਸੰਬਾਦੀ' ਪੰਡਿਤ ਦਯਾ ਨੰਦ ਜੀ ਪਾਸੋਂ, ਜੋ ਨਿਤ ਦੇ ਬਹਿਸ ਅਖਾੜਿਆਂ ਵਿਚ ਵਡੇ ਵਡੇ ਆਲਿਮਾਂ-ਫਾਜ਼ਿਲਾਂ ਨੂੰ ਪਛਾੜਨ ਵਾਲੇ ਸਨ, ਕੋਈ ਭੈ ਨਹੀਂ ਖਾਧਾ ਸਗੋਂ ਆਪਣੇ ਪੱਖ ਨੂੰ ਏਨੇ ਸਪੱਸ਼ਟ ਤੇ ਜ਼ੋਰਦਾਰ ਢੰਗ ਨਾਲ ਬਿਆਨ ਕੀਤਾ ਕਿ, ਸਾਧੂ ਦਯਾ ਨੰਦ ਜੀ ਨੂੰ ਇਕ ਨਹੀਂ, ਤਿੰਨ ਵਾਰ ਆਪ ਪਾਸੋਂ ਸ਼ਾਸਤ੍ਰਾਰਥ ਵਿਚ ਹਾਰ ਖਾ ਕੇ ਨਮੋਸ਼ੀ ਉਠਾਉਣੀ ਪਈ। ਵਾਧੇ ਦੀ ਗੱਲ ਇਹ ਹੈ ਕਿ ਆਪ ਜੀ ਨੇ ਉਸ ਬਹਿਸ ਵਿਚ ਜੋ ਨੁਕਤੇ ਉਠਾਏ ਸਨ, ਉਨ੍ਹਾਂ ਨੂੰ ਲਿਖਤੀ ਰੂਪ ਦੇ ਕੇ, ਸਾਧੂ ਜੀ ਦੇ ਪ੍ਰੇਮੀਆਂ ਅਤੇ ਚੇਲਿਆਂ ਸਾਹਮਣੇ ਸਦੀਵੀ ਚੈਲਿੰਜ ਦੇ ਰੂਪ ਵਿਚ ਰੱਖ ਗਏ ਹਨ।

ਗਿਆਨੀ ਜੀ ਦੀ ਇਸ ਵਿਚਾਰ ਚਰਚਾ ਤੋਂ ਇਹ ਵੀ ਪ੍ਰਗਟ ਹੁੰਦਾ ਹੈ ਕਿ ਹਾਜ਼ਰ-ਜੁਆਬੀ ਵਿਚ ਆਪ ਜੀ ਆਪਣੀ ਮਿਸਾਲ ਆਪ ਸਨ, ਜਿਵੇਂ ਕਿ ਉਹਨਾਂ ਨੇ ਲਿਖਿਆ ਹੈ, ਉਹਨਾਂ ਮਸਲੇ ਦੀ ਡੂੰਘਾਈ ਤੇ ਸਾਧੂ ਦਯਾ ਨੰਦ ਜੀ ਦੀ ਵਿਦਵਤਾ ਤੇ ਵਿਚਾਰ ਚਰਚਾ ਦੇ ਢੰਗ ਨੂੰ ਵਿਦਵਤਾ ਦੇ ਜ਼ੋਰ ਨਾਲ ਪਹਿਲਾਂ ਹੀ ਠੀਕ ਤਰ੍ਹਾਂ ਸਮਝ ਲਿਆ ਸੀ ਕਿ, ਸਾਧੂ ਜੀ ਮਹਾਰਾਜ ਕਿਸ ਤਰ੍ਹਾਂ ਪੈਂਤੜੇ ਖੋਲ੍ਹਣ ਤੇ ਕਿਸ ਤਰ੍ਹਾਂ ਦੀਆਂ ਮੰਤਕੀ ਉਖੇੜਾਂ ਮਾਰਨ ਵਾਲੇ ਹਨ।

ਗਿਆਨੀ ਜੀ ਨੇ ਆਪਣੀ ਬਹਿਸ ਵਿਚ ਜੋ ਨੁਕਤੇ ਉਠਾਏ ਸਨ, ਉਹ ਕਿੰਨੇ ਸਾਰਥਕ ਅਤੇ ਸਹੀ ਪੱਖ ਦੀ ਪੂਰਤੀ ਕਰਨ ਵਾਲੇ ਸਨ, ਇਹ ਅੱਜ ਵੀ ਸਾਡੇ

ਸਾਹਮਣੇ ਤੇ ਵਿਚਾਰਨ ਵਾਲੀ ਵਸਤੂ ਹੈ। ਕਈ ਸੱਜਣ ਉਹਨਾਂ ਦੀ ਇਹ ਪੁਸਤਕ ਪੜ੍ਹੇ ਤੇ ਵਿਚਾਰੇ ਬਿਨਾਂ ਕਈ ਕਿਸਮਾਂ ਦੀਆਂ ਉਹਨਾਂ ਦੀ ਜ਼ਾਤ ਬਾਰੇ ਅਤੇ ਗੁਰਬਾਣੀ ਦੇ ਅਰਥਾਂ ਸਬੰਧੀ ਭੁੱਲਾਂ ਕਰਦੇ ਰਹਿੰਦੇ ਹਨ। ਅਜਿਹੇ ਸੱਜਣਾਂ ਨੂੰ ਇਹ ਪੁਸਤਕ ਸੁਚੇਤ ਕਰਨ ਵਾਲੀ ਹੈ, ਨਾਲ ਹੀ ਮੰਤਕ ਤੇ ਅਸਲੀਅਤ ਦੇ ਜ਼ੋਰ ਨਾਲ ਉਹਨਾਂ ਦੀ ਵਿਦਵਤਾ ਤੇ ਸਿਆਣਪ ਦਾ ਸਿੱਕਾ ਬਿਠਾਉਣ ਵਾਲੀ ਵੀ। ਪੰਡਤ ਦਯਾ ਨੰਦ ਜੀ, ਜਿਹਨਾਂ ਨੇ 'ਸਤਿਆਰਥ ਪ੍ਰਕਾਸ਼' ਨਾਮੀ ਗ੍ਰੰਥ ਵਿਚ ਵੱਡੇ ਵੱਡੇ ਧਰਮ-ਆਗੂਆਂ, ਮਹਾਂ-ਪੁਰਸ਼ਾਂ ਨੂੰ ਆਪਣੀ ਪ੍ਰਗਾੜ ਨਿੰਦਾ ਦੀ ਬੁਛਾੜ ਨਾਲ ਨਿਵਾਜਿਆ ਹੈ, ਉਹ ਆਪੂੰ ਕਿੰਨੇ ਕੁ ਵਿਦਵਾਨ ਤੇ ਨਿਪੁੰਨ ਸਨ? ਭਾਈ ਦਿੱਤ ਸਿੰਘ ਜੀ ਦੀ ਇਹ ਰਚਨਾ ਤੇ ਦੰਭ ਵਿਦਾਰਨ ਇਸ ਪਹਿਲੂ ਨੂੰ ਸ਼ਾਨਦਾਰ ਢੰਗ ਨਾਲ ਦਰਸਾ ਦਿੰਦੇ ਹਨ।

ਸਿੰਘ ਸਭਾ ਸ਼ਤਾਬਦੀ ਕਮੇਟੀ ਵੱਲੋਂ ਇਹ ਪੁਸਤਕ ਮੁੜ ਛਾਪੀ ਗਈ ਸੀ, ਨਾਲ ਹੀ 'ਸਿੰਘ ਸਭਾ ਪਤ੍ਰਿਕਾ' ਵਿਚ ਵੀ ਛਪੀ ਸੀ, ਤਾਂ ਜੋ ਵੱਧ ਤੋਂ ਵੱਧ ਪਾਠਕਾਂ ਤਕ ਪੁੱਜ ਸਕੇ। ਪਰਚੇ ਵਿਚ ਇਸ ਸੰਬਾਦ ਨੂੰ ਪੜ੍ਹ ਕੇ ਇਕ ਆਰੀਆ ਸਮਾਜੀ ਭਾਈ ਨੇ ਸੰਪਾਦਕ ਨੂੰ ਗੁੱਸੇ ਭਰਿਆ ਪੱਤਰ ਲਿਖ ਕੇ ਤਾੜਨਾ ਕੀਤੀ, ਕਿ ਤੁਸਾਂ ਭਾਈ ਦਿੱਤ ਸਿੰਘ ਅਤੇ ਸਾਧੂ ਦਯਾ ਨੰਦ ਜੀ ਦੇ ਸੰਬਾਦ ਬਾਰੇ ਜੋ ਲਿਖਿਆ ਹੈ, ਉਹ ਬਿਲਕੁਲ ਕਲਪਿਤ ਹੈ, ਕਿਥੇ ਸਵਾਮੀ ਦਯਾ ਨੰਦ ਜੀ ਮਹਾਂ ਰਿਸ਼ੀ ਤੇ ਵਿਦਵਾਨ, ਕਿਥੇ ਭਾਈ ਦਿੱਤ ਸਿੰਘ ਇਕ ਸਾਧਾਰਨ ਵਿਅਕਤੀ? ਇਸ ਸੱਜਣ ਨੇ ਇਹ ਵੀ ਲਿਖਿਆ ਕਿ ਭਾਈ ਦਿੱਤ ਸਿੰਘ ਨਾਲ ਸਵਾਮੀ ਜੀ ਦੀ ਕੋਈ ਚਰਚਾ ਹੀ ਨਹੀਂ ਹੋਈ ਸੀ। ਇਹ ਵੀ ਇਕ ਗੱਪ ਹੀ ਹੈ।

ਉਤਰ ਵਿਚ, ਅਸੀਂ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਭਾਈ ਦਿੱਤ ਸਿੰਘ ਜੀ ਅਤੇ ਸਵਾਮੀ ਜੀ ਦੀ ਵਿਦਵਤਾ ਉਨ੍ਹਾਂ ਦੇ ਅਮੀਰ ਚੇਲਿਆਂ ਦੀ ਗਿਣਤੀ ਤੋਂ ਨਹੀਂ ਲਗਾਈ ਜਾਣੀ ਚਾਹੀਦੀ, ਉਨ੍ਹਾਂ ਦੇ ਗ੍ਰੰਥ ਪੜ੍ਹ ਕੇ ਹੀ ਲਗਾਉਣੀ ਚਾਹੀਦੀ ਹੈ। ਇਸ ਕਾਰਜ ਲਈ ਗਿਆਨੀ ਦਿੱਤ ਸਿੰਘ ਲਿਖਤ 'ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ' ਅਤੇ 'ਦੰਭ ਵਿਦਾਰਨ' ਪੜ੍ਹ ਕੇ ਸਹਿਜੇ ਹੀ ਹਰ ਨਿਰਪੱਖ ਪਾਠਕ ਜਾਣ ਸਕਦਾ ਹੈ ਕਿ ਗਿਆਨੀ ਜੀ ਆਪਣੇ ਪੱਖ ਪੇਸ਼ ਕਰਨ ਵਿਚ ਕਿਤਨੇ ਸਪੱਸ਼ਟ ਅਤੇ ਚੇਤੰਨ ਵਿਦਵਾਨ ਸਨ, ਜਦੋਂ ਕਿ ਸਵਾਮੀ ਜੀ ਨੇ ਆਪਣੇ ਸਿਧਾਂਤਕ ਕਹੇ ਜਾਂਦੇ ਗ੍ਰੰਥ 'ਸਤਿਆਰਥ ਪ੍ਰਕਾਸ਼' ਨੂੰ ਆਪ ਹੀ ਦੂਜਾ ਐਡੀਸ਼ਨ ਛਾਪਣ ਵੇਲੇ ਮੁੜ ਸੋਧਿਆ ਅਤੇ ਹੁਣ ਤਕ ਗਲਤ ਗੱਲਾਂ ਦੀਆਂ ਸੋਧਾਂ ਹੁੰਦੀਆਂ ਰਹੀਆਂ ਹਨ। ਫਿਰ ਵੀ ਘੋਰ ਨਿੰਦਾ ਮਹਾਂ ਪੁਰਖਾਂ ਦੀ ਉਸ ਵਿਚ ਹੋਣ ਕਾਰਨ, ਉਹ ਪਹਿਲਾਂ ਅਤੇ ਹੁਣ ਸੈਕੂਲਰ ਸਮਾਜ ਵਿਚ ਕਿਸੇ ਤਰ੍ਹਾਂ ਵੀ ਪ੍ਰਵਾਣਤ ਨਹੀਂ ਹੋ ਸਕਦਾ। ਸਿਖ ਧਰਮ ਬਾਰੇ ਉਸ ਗ੍ਰੰਥ ਵਿਚ ਜੋ ਲਿਖਿਆ ਉਹ ਉੱਕਾ ਹੀ ਗਲਤ ਹੈ। ਹਵਾਲੇ ਨਿਰਾਧਾਰ ਦਿਤੇ ਹੋਏ ਹਨ, ਫਿਰ ਵੀ ਉਨ੍ਹਾਂ ਦੇ ਚੇਲੇ ਉਸ ਨੂੰ 'ਸੱਤ'


www.sikhbookclub.com

ਆਖ ਕੇ ਪ੍ਰਚਾਰਦੇ ਆ ਰਹੇ ਹਨ, ਜਦੋਂ ਕਿ ਨਾ ਹੀ ਉਹ ਕਥਨ ਵਾਕਿਆਤੀ ਤੌਰ ਤੇ ਸੱਚ ਹੈ, ਨਾ ਇਤਿਹਾਸਕ ਤੌਰ ਤੇ, ਨਾ ਹੀ ਉਹ ਤੁਕਾਂ ਜੋ ਸਵਾਮੀ ਜੀ ਨੇ ਦਿਤੀਆਂ ਹਨ ਠੀਕ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਹਨ। ਵਾਧਾ ਇਕੋ ਹੈ ਕਿ ਸਵਾਮੀ ਜੀ ਦੇ ਚੇਲਿਆਂ ਨੇ ਉਨ੍ਹਾਂ ਦੇ ਨਾਂ ਉਪਰ ਸਕੂਲ ਕਾਲਜ ਖੋਹਲ ਕੇ ਉਹਨਾਂ ਦੀ ਪ੍ਰਤਿਭਾ ਜ਼ਰੂਰ ਵਧਾਈ ਹੈ ਅਤੇ ਭਾਈ ਦਿੱਤ ਸਿੰਘ ਜੀ ਦੇ ਹਮਜੋਲੀ ਉਹਨਾਂ ਪ੍ਰਤੀ ਅਜੇਹਾ ਕੁਝ ਨਹੀਂ ਕਰ ਸਕੇ। ਇਸ ਵਿਚ ਗਿਆਨੀ ਜੀ ਦੀ ਵਡਿਆਈ ਘਟ ਨਹੀਂ ਜਾਂਦੀ, ਸਿਖਾਂ ਦੇ ਧਰਮ ਵਿਚ ਵਿਅਕਤੀਵਾਦ ਦਾ ਸਥਾਨ ਅਤੇ ਸਿਖਾਂ ਦੀ ਲਾਪ੍ਰਵਾਹੀ ਦਾ ਫਲ ਤਾਂ ਇਸ ਨੂੰ ਕਿਹਾ ਜਾ ਸਕਦਾ ਹੈ। ਭਾਈ ਦਿੱਤ ਸਿੰਘ ਜੀ ਦਾ ਇਸ ਵਿਚ ਕੋਈ ਕਸੂਰ ਨਹੀਂ, ਨਾ ਹੀ ਉਨ੍ਹਾਂ ਦੀ ਵਡਿਆਈ ਘਟਦੀ ਹੈ।

ਇਕ ਗੱਲ ਜੋ ਇਹ ਕਹੀ ਹੈ ਕਿ ਭਾਈ ਸਾਹਿਬ ਜੀ ਨਾਲ ਸਵਾਮੀ ਜੀ ਦੀ ਗੋਸ਼ਟ ਜਾਂ ਵਿਚਾਰ-ਚਰਚਾ ਹੋਣ ਜਾਂ ਉਹਨਾਂ ਦੇ ਸ਼ਾਸਤ੍ਰਾਰਥਾਂ ਬਾਰੇ ਸਾਧੂ ਜੀ ਦੇ ਜੀਵਨ, ਆਰੀਆ ਸਮਾਜੀਆਂ ਦੇ ਲਿਖੇ ਲੇਖਾਂ ਵਿਚ ਕੋਈ ਪ੍ਰਮਾਣ ਨਹੀਂ ਮਿਲਦਾ, ਇਸ ਲਈ ਇਹ ਗੱਲ ਗਲਤ ਹੈ। ਪਰ ਇਸ ਸੰਬਾਦ ਦੇ ਹੋਣ ਦੇ ਪ੍ਰਮਾਣ ਆਰੀਆ ਸਮਾਜੀਆਂ ਦੇ ਸਾਹਿਤ ਵਿਚ ਵੀ ਮਿਲਦੇ ਹਨ। ਇਹ ਠੀਕ ਹੈ ਜਦੋਂ ਵੀ ਕਿਸੇ ਵਿਅਕਤੀ ਨੂੰ ਮਹਾਂਪੁਰਖ ਜਾਂ ਅਵਤਾਰ ਬਣਾਇਆ ਜਾਂਦਾ ਹੈ ਤਾਂ ਉਸ ਦੀ ਹਰ ਪਾਸੇ ਦਿਗ ਵਿਜੈ ਹੀ ਦੱਸੀ ਜਾਂਦੀ ਹੈ। ਉਸ ਦੀ ਹਾਰ ਦਾ ਕੋਈ ਜ਼ਿਕਰ ਨਹੀਂ ਕੀਤਾ ਕਰਦਾ, ਜਿੱਤਾਂ ਦੇ ਵਰਣਨ ਵਧਾ ਚੜ੍ਹਾ ਕੇ ਕੀਤੇ ਜਾਇਆ ਕਰਦੇ ਹਨ। ਏਹੋ ਢੰਗ ਸੁਵਾਮੀ ਦੀ ਦੇ ਚੇਲਿਆਂ ਨੇ ਵਰਤਿਆ ਹੈ। ਭਾਵੇਂ ਦਬਵੀਂ ਜ਼ਬਾਨ ਨਾਲ ਹੀ, ਫਿਰ ਵੀ ਇਸ ਗੱਲ ਦੇ ਪ੍ਰਮਾਣ ਭਾਈ ਦਿੱਤ ਸਿੰਘ ਜੀ ਨਾਲ ਸਵਾਮੀ ਜੀ ਦੀ ਹੋਈ ਵਿਚਾਰ ਚਰਚਾ ਦਾ ਸੰਖੇਪ ਰੂਪ ਵਿਚ ਉਨ੍ਹਾਂ ਦੇ 'ਜੀਵਨ ਲੇਖਕਾਂ' ਨੇ ਪ੍ਰਵਾਨ ਕੀਤਾ ਹੈ।

ਭਾਈ ਦਿੱਤ ਸਿੰਘ ਜੀ ਨੇ ਆਪਣੀ ਪੁਸਤਕ 'ਸਾਧੂ ਦਯਾ ਨੰਦ ਨਾਲ ਮੇਰਾ ਸੰਬਾਦ' ਵਿਚ ਲਿਖਿਆ ਹੈ : ਜਦੋਂ ਉਹਨਾਂ ਦਾ ਸਵਾਮੀ ਜੀ ਨਾਲ ਤੀਜਾ ਸੰਬਾਦ, 'ਵੇਦ ਈਸ਼ਵਰ ਕ੍ਰਿਤ ਨਹੀਂ', ਇਸ ਵਿਸ਼ੇ ਤੇ ਹੋਇਆ ਸੀ ਤਾਂ ਗਿਆਨੀ ਜੀ ਨੇ ਸਾਧੂ ਨੂੰ ਜਦੋਂ ਨਿਰੁੱਤਰ ਕਰ ਦਿੱਤਾ, ਤਾਂ ਇਸ ਦਸ਼ਾ ਨੂੰ ਦੇਖ ਕੇ ਪੰਡਤ ਅਗਨੀ ਹੋਤਰੀ ਸ਼ਿਵ ਨਾਰਾਇਣ ਜੀ ਨੇ, ਜੋ ਪਿਛੋਂ ਸ਼ਾਇਦ ਬ੍ਰਹਮੂ ਸਮਾਜੀਆਂ ਦੇ ਮੁਖੀ ਬਣੇ, ਕਿਹਾ ਕਿ ਸਵਾਮੀ ਜੀ ਆਪ ਨੂੰ ਉੱਤਰ ਤਾਂ ਸੁਝ ਨਹੀਂ ਰਿਹਾ, ਐਵੇਂ ਟਾਲਾ ਵਾਲਾ ਕਰ ਰਹੇ ਹੋ। ਅਤੇ ਕੁਝ ਆਪਣੇ ਮੂੰਹੋਂ ਵਾਕ ਕਹੇ।

ਇਸ ਤੇ ਸਵਾਮੀ ਜੀ ਨੇ ਗਿਆਨੀ ਜੀ ਵੱਲੋਂ ਹਟ ਕੇ ਅਗਨੀ ਹੋਤਰੀ ਜੀ ਦੇ ਕਥਨ ਨੂੰ ਵਿਚ ਲਿਆ ਕੇ ਗੱਲ ਟਾਲਣੀ ਚਾਹੀ, ਤਾਂ ਗਿਆਨੀ ਦਿੱਤ ਸਿੰਘ

ਜੀ ਨੇ ਜੋ ਸਵਾਮੀ ਜੀ ਦੀ ਅਜਿਹੀ ਪਲੱਥੇ ਬਾਜ਼ੀ ਤੋਂ ਜਾਣੂ ਸਨ, ਗੱਲ ਤਾੜ ਲਈ ਕਿ ਸਾਧੂ ਜੀ ਏਸ ਬਹਾਨੇ ਅਸਲ ਗੱਲ ਤੋਂ ਲਾਂਭੇ ਜਾਣ ਲਈ ਪੈਂਤੜਾ ਬਣਾ ਰਹੇ ਹਨ। ਗਿਆਨੀ ਜੀ ਨੇ ਕਿਹਾ, ਸਾਧੂ ਜੀ ਮਹਾਰਾਜ, ਇਨ੍ਹਾਂ ਨਾਲ ਫੇਰ ਗੱਲ ਕਰ ਲੈਣੀ, ਪਹਿਲਾਂ ਆਪਾਂ ਚੱਲ ਰਹੀ ਚਰਚਾ ਬਾਰੇ ਵਿਚਾਰ ਕਰ ਲਈਏ। ਗਿਆਨੀ ਜੀ ਦੀ ਲਿਖੀ ਅਸਲ ਵਾਰਤਾਲਾਪ ਇਸ ਤਰ੍ਹਾਂ ਹੈ :

"ਇਤਨੀ ਗੱਲ ਸੁਣ ਕੇ ਪੰਡਤ ਅਗਨੀ ਹੋਤਰੀ, ਜਿਸ ਦਾ ਨਾਉਂ ਉਸ ਸਮਯ ਸ਼ਿਵ ਨਾਰਾਇਣ ਸੀ ਅਰ ਅੱਜ ਕੱਲ੍ਹ ਜਿਸ ਨੂੰ ਲੋਗ ਸੱਤਯਾ ਨੰਦ ਅਗਨੀ ਹੋਤਰੀ ਸੱਦਦੇ ਹਨ, ਖੜ੍ਹੇ ਹੋ ਕੇ, ਬੋਲੇ ਕਿ ਸੁਵਾਮੀ ਜੀ ਤੁਸੀਂ ਇਨ੍ਹਾਂ ਦੇ ਕਥਨ ਦਾ ਉਤਰ ਨਹੀਂ ਦਿੱਤਾ ਕੇਵਲ ਟਾਲਾ ਵਾਲਾ ਕਰ ਰਹੇ ਹੋ, ਜਿਸ ਤੇ ਮੇਰੇ ਵੱਲੋਂ ਹਟ ਕੇ ਉਸ ਨਾਲ ਝਗੜ ਪਏ, ਅਰ ਗੁਸੇ ਹੋ ਕੇ ਕਹਿਣ ਲੱਗੇ ਕਿ ਤੈਨੂੰ ਕਯਾ ਖਬਰ ਹੈ ਜੋ ਇਸ ਨੇ ਕਿਆ ਆਖਯਾ ਹੈ? ਜਿਸ ਪਰ ਉਸ ਨੇ ਕਿਹਾ ਕਿ ਮੈਂ ਜਾਣਦਾ ਹਾਂ ਕਿ ਇਨ੍ਹਾਂ ਨੇ ਕੀ ਕਿਹਾ ਹੈ ਅਰ ਉਸ ਦਾ ਆਪ ਨੇ ਕੀ ਉਤਰ ਦਿਤਾ ਹੈ, ਕਿੰਤੂ ਆਪ ਦਾ ਉਤਰ ਠੀਕ ਨਹੀਂ ਹੈ, ਇਸ ਪਰ ਬਹੁਤ ਗੁਸੇ ਹੋ ਗਏ ਅਰ ਉਨ੍ਹਾਂ ਨੂੰ ਆਖਣ ਲੱਗੇ ਕਿ ਤੁਸੀਂ ਦੱਸੋ ਜੋ ਇਸ ਨੇ ਕਯਾ ਕਿਹਾ ਹੈ ਅਰ ਮੈਂ ਉਸ ਦਾ ਕਿਆ ਉਤਰ ਦਿਤਾ ਹੈ?

ਜਦ ਇਹ ਝਗੜਾ ਹੋਰ ਵੀ ਛਿੜ ਪਿਆ ਤਦ ਮੈਂ ਕਿਹਾ ਕਿ ਸੁਵਾਮੀ ਜੀ ਆਪ ਇਨ੍ਹਾਂ ਨਾਲ ਨਾ ਝਗੜੋ ਕਿਉਂਕਿ ਉਤਰ ਪ੍ਰਸ਼ਨ ਤਾਂ ਮੇਰਾ ਅਰ ਆਪ ਦਾ ਹੈ। ਸੋ ਜੋ ਆਪ ਦਾ ਸਿਧਾਂਤ ਹੈ ਸੋ ਮੈਨੂੰ ਆਖੋ, ਜਿਸ ਪਰ ਏਹੇ ਬੋਲੇ ਕਿ ਅਸੀਂ ਤਾਂ ਜੋ ਆਖਣਾ ਸੀ ਸੋ ਆਖ ਦਿੱਤਾ, ਜਿਸ ਪਰ ਮੈਂ ਕਿਹਾ ਕਿ ਆਪ ਕੁਝ ਸਾਬਤ ਨਹੀਂ ਕਰ ਸਕੇ ਅਰ ਮੈਂ ਆਪ ਨੂੰ ਸਾਬਤ ਕਰਕੇ ਦਿਖਾ ਦਿਤਾ ਹੈ ਕਿ ਵੇਦ ਮਨੁੱਖਾਂ ਦੇ ਰਚੇ ਹੋਏ ਹਨ।

"ਇਤਨੇ ਝਗੜੇ ਪਰ ਚਾਰੇ ਪਾਸਿਆਂ ਤੇ ਤਾਲੀਆਂ ਵੱਜ ਪਈਆਂ ਅਰ ਸਭ ਬੋਲ ਉਠੇ ਕਿ ਸਾਧੂ ਨੂੰ ਉਤਰ ਦੇਣਾ ਨਹੀਂ ਆਇਆ। ਜਿਸ ਪਰ ਸੰਧਯਾ ਪੈ ਗਈ ਅਰ ਸਭ ਖਲਕਤ ਆਪੋ ਆਪਨੇ ਘਰਾਂ ਨੂੰ ਚਲੀ ਗਈ ਅਤੇ ਅਸੀਂ ਭੀ ਵੱਡੇ ਆਨੰਦ ਪੂਰਬਕ ਅਪਨੇ ਮਕਾਨ ਪਰ ਆਏ।"

ਇਸੇ ਵਿਰਤਾਂਤ ਨੂੰ ਕੁਝ ਬਦਲਵੇਂ ਢੰਗ ਨਾਲ ਸਵਾਮੀ ਜੀ ਦੇ ਜੀਵਨ ਲੇਖਕਾਂ ਜਿਸ ਤਰ੍ਹਾਂ ਦਿਤਾ ਹੈ, ਅਸੀਂ ਬੇਨਤੀ ਕਰਦੇ ਹਾਂ ਕਿ ਸ਼ੰਕਾ ਗ੍ਰਸਤ ਸੱਜਣ, ਆਰਯਾ ਸਮਾਜ, ਨਯਾ ਬਾਂਸ, ਦਿੱਲੀ-6 ਦਾ ਛਪਿਆ ਹੋਇਆ ਗ੍ਰੰਥ "ਮਹਾਂਰਿਸ਼ੀ ਸਵਾਮੀ ਦਯਾ ਨੰਦ ਸਰਸਵਤੀ ਕਾ ਜੀਵਨ ਚਰਿਤ੍ਰ" ਪੰਡਤ ਲੇਖ ਰਾਮ ਦਵਾਰਾ ਲਿਖਤ ਹਿੰਦੀ ਅਨੁਵਾਦ ਦਾ ਸਫਾ 347 ਤੋਂ 348 ਪੜ੍ਹਨ ਦੀ ਕ੍ਰਿਪਾਲਤਾ ਕਰਨ, ਜਿਸ ਵਿਚ ਏਸ ਵਾਰਤਾਲਾਪ ਨੂੰ ਇਸ ਤਰ੍ਹਾਂ ਲਿਖ ਕੇ ਪ੍ਰਵਾਨ ਕੀਤਾ ਗਿਆ ਹੈ :

"ਏਕ ਦਿਨ ਕੀ ਬਾਤ ਹੈ ਕਿ ਭਾਈ ਦਿੱਤ ਸਿੰਘ ਸਵਾਮੀ ਜੀ ਸੇ ਵੇਦਾਂਤ ਮਤ ਪਰ ਸ਼ਾਸਤ੍ਰਾਰਥ ਕਰ ਰਹੇ ਥੇ ਔਰ ਅਗਨੀ ਹੋਤਰੀ ਜੀ ਭੀ ਉਸ ਸਮਯ ਵਹਾਂ ਉਪਸਥਿਤ ਥੇ। ਸ਼ਾਸਤ੍ਰਾਰਥ ਕੇ ਬੀਚ ਮੇਂ ਪੰਡਿਤ ਸ਼ਿਵ ਨਾਰਾਇਣ ਜੀ ਬੋਲ ਉਠੇ ਕਿ ਸਵਾਮੀ ਜੀ ਕੋ ਉਤਰ ਨਹੀਂ ਆਇਆ ਔਰ ਵੋਹ ਹਾਰ ਗਏ ਹੈਂ। ਇਸ ਪਰ ਸਵਾਮੀ ਜੀ ਨੇ ਪੰਡਤ ਜੀ ਸੇ ਪੂਛਾ ਕਿ ਭਲਾ ਆਪ ਬਤਾਈਏ ਕਿ ਹਮ ਨੇ ਕਿਆ ਕਹਾ?

ਪੰਡਤ ਜੀ ਕੁਛ ਭੀ ਨਹੀਂ ਬਤਾ ਸਕੇ।

ਤਬ ਸਵਾਮੀ ਜੀ ਨੇ ਭਾਈ ਦਿੱਤ ਸਿੰਘ ਜੀ ਸੇ ਪੂਛਾ ਕਿ ਕਿਉਂ ਕਿਆ ਹਮ ਨੇ ਯਹੀ ਕਹਾ ਥਾ?

ਭਾਈ ਦਿੱਤ ਸਿੰਘ ਨੇ ਕਹਾ, "ਨਹੀਂ, ਆਪ ਨੇ ਯਹ ਨਹੀਂ ਕਹਾ। ਪੰਡਤ ਜੀ ਨੇ ਕੁਛ ਨਹੀਂ ਸੁਨਾ।"

ਫਿਰ ਸਵਾਮੀ ਜੀ ਨੇ ਪੰਡਤ ਜੀ ਸੇ ਪੂਛਾ, ਭਲਾ ਬਤਾਈਏ ਤੋ ਸਹੀ ਕਿ ਭਾਈ ਦਿੱਤ ਸਿੰਘ ਨੇ ਕਿਆ ਕਹਾ ਥਾ?

ਪੰਡਤ ਸ਼ਿਵ ਨਾਰਾਇਣ ਨੇ ਕੁਛ ਬਤਾਯਾ।

ਭਾਈ ਦਿੱਤ ਸਿੰਘ ਨੇ ਕਹਾ ਕਿ ਯਹ ਮੈਂਨੇ ਨਹੀਂ ਕਹਾ ਥਾ। ਉਸ ਸਮਯ ਸਵਾਮੀ ਜੀ ਨੇ ਪੰਡਤ ਸ਼ਿਵ ਨਾਰਾਇਣ ਸੇ ਕਹਾ ਕਿ ਆਪ ਬਿਨਾਂ ਸੋਚੇ ਸਮਝੇ ਸੰਮਤੀ ਦੇ ਦੇਤੇ ਹੈਂ। ਇਸ ਪਰ ਪੰਡਤ ਜੀ ਕਰੁਦਧ ਹੋ ਗਏ (ਭਾਈ ਦਿੱਤ ਸਿੰਘ ਜੀ ਨੇ ਭੀ ਇਸ ਵਕਤਵਯ ਕੀ ਪੁਸ਼ਟੀ ਕੀ)।

*(347, ਜੀਵਨ ਸਵਾਮੀ ਦਯਾ ਨੰਦ ਜੀ)*

ਸਪੱਸ਼ਟ ਹੈ ਕਿ ਇਹ ਸੰਬਾਦ ਇਤਿਹਾਸਕ ਸਚਾਈ ਹੈ ਅਤੇ ਨਾਲ ਹੀ ਛਿੱਥੇ ਪੈ ਕੇ ਹਾਰ ਜਾਣਾ ਵੀ।

ਭਾਈ ਦਿੱਤ ਸਿੰਘ ਜੀ ਨੇ ਇਸ ਕਥਨ ਦੀ ਜਿਸ ਢੰਗ ਨਾਲ ਪੁਸ਼ਟੀ ਕੀਤੀ, ਉਪਰੋਕਤ ਲਿਖਤ ਵਿਚ ਉਹ ਆ ਚੁਕਿਆ ਹੈ ਕਿ ਭਾਈ ਸਾਹਿਬ ਜੀ ਸਵਾਮੀ ਜੀ ਨੂੰ ਅਗਨੀ ਹੋਤਰੀ ਜੀ ਨਾਲ ਉਲਝਣ ਤੋਂ ਬਚਾ ਕੇ ਆਪਣੇ ਨਾਲ ਵਿਚਾਰ ਚਰਚਾ ਵਿਚ ਲਾਈ ਰੱਖਣਾ ਚਾਹੁੰਦੇ ਸਨ, ਜਿਸ ਤੋਂ ਸਵਾਮੀ ਜੀ ਕੰਨੀ ਕਤਰਾਉਂਦੇ ਸਨ। ਭਾਵੇਂ ਸਵਾਮੀ ਜੀ ਦੇ ਜੀਵਨ ਲੇਖਕ ਨੇ ਸਪੱਸ਼ਟ ਤੌਰ ਤੇ ਨਹੀਂ ਮੰਨਿਆ, ਪਰ ਇਹ ਨੁਕਤਾ ਸਪੱਸ਼ਟ ਹੈ ਕਿ ਸਵਾਮੀ ਜੀ ਨਾਲ ਭਾਈ ਸਾਹਿਬ ਜੀ ਦੀ ਵਿਚਾਰ ਚਰਚਾ ਹੋਈ ਸੀ ਅਤੇ ਉਹਨਾਂ ਨੂੰ ਕੋਈ ਜਵਾਬ ਗਿਆਨੀ ਜੀ ਦੇ ਉੱਤਰ ਦਾ ਨਾ ਮਿਲਣ ਕਰ ਕੇ ਅਗਨੀ ਹੋਤਰੀ ਜੀ ਨੇ ਕਿਹਾ ਸੀ ਸਵਾਮੀ ਜੀ ਆਪ ਹਾਰ ਗਏ ਹੋ। ਇਸੇ ਜਿੱਤ ਹਾਰ ਦਾ ਪ੍ਰਸੰਗ ਗਿਆਨੀ ਜੀ ਦਾ ਆਪਣਾ



 www.sikhbookclub.com

ਲਿਖਿਆ ਹੋਇਆ "ਮੇਰਾ ਤੇ ਸਾਧੂ ਦਯਾ ਨੰਦ ਦਾ ਸੰਬਾਦ" ਦੇ ਰੂਪ ਵਿਚ ਆਪ ਜੀ ਦੇ ਹੱਥਾਂ ਵਿਚ ਹੈ। ਇਸ ਆਰੀਆ ਸਮਾਜੀਆਂ ਦੇ ਲਿਖੇ ਗ੍ਰੰਥ ਵਿਚੋਂ ਸਬੂਤ ਦੇ ਹੁੰਦਿਆਂ ਕੋਈ ਇਹ ਨਹੀਂ ਆਖ ਸਕਦਾ ਕਿ ਭਾਈ ਸਾਹਿਬ ਜੀ ਅਤੇ ਸਵਾਮੀ ਜੀ ਵਿਚਕਾਰ ਬਹਿਸ ਹੀ ਨਹੀਂ ਹੋਈ ਸੀ।

ਇਸ ਪੁਸਤਕ ਦੀ ਮੰਗ ਵਧੇਰੇ ਹੋਣ ਕਾਰਨ ਇਸ ਨੂੰ ਹੁਣ ਮੁੜ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਆਸ਼ਾ ਹੈ ਪ੍ਰੇਮੀ ਜਨ ਲਾਭ ਉਠਾਉਣਗੇ ਅਤੇ ਆਪ ਜੀ ਦੇ ਲਿਖਤ ਸਾਹਿਤ ਨੂੰ ਪੁਨਰ ਪ੍ਰਕਾਸ਼ਨ ਵਿਚ ਸਹਾਇਤਾ ਬਖਸ਼ਣਗੇ। ਜਿਸ ਵਿਚੋਂ ਬਹੁਤ ਸਾਰੀਆਂ ਰਚਨਾਵਾਂ ਨੇ ਹਾਲਾਂ ਛਾਪੇ ਦਾ ਜਾਮਾ ਵੀ ਧਾਰਨ ਨਹੀਂ ਕੀਤਾ।

*ਗੁਰਦਿਤ ਸਿੰਘ ਗਿਆਨੀ*

*ਜਨਰਲ ਸਕੱਤਰ*

*ਕੇਂਦਰੀ ਸ੍ਰੀ ਗੁਰੂ ਸਿੰਘ ਸਭਾ*

SIKHBOOKCLUB.COM

# ਪੰਡਤ ਦਯਾਨੰਦ ਨਾਲ ਮੇਰਾ ਸੰਬਾਦ

ਦੋਹਿਰਾ—ਧਨੁਖ ਬਾਣ ਪੁਨ ਤਾਜ ਸਿਰ ਜਿਹ ਕਰ ਸੁਕਲੋ ਬਾਜ।
ਸੋ ਮੇਰੀ ਰੱਖਯਾ ਕਰੇਂ ਕਲਗੀਧਰ ਮਹਾਰਾਜ॥੧॥
ਸੱਤ ਕਹਾਂ ਮੁਖ ਤੇ ਸਭੀ ਪੁਨ ਜੋ ਲਿਖਾਂ ਸੁ ਸੱਤ।
ਪਾਖੰਡ ਜਾਲ ਖੰਡਨ ਵਿਖੇ ਸਬਲ ਹੋਇ ਮਮ ਮੱਤ॥੨॥
ਦਿਆਨੰਦ ਸਾਧੂ ਸਹਿਤ ਜੋ ਮੈਂ ਕੀਨੀ ਗਾਥ।
ਸੋ ਸਭ ਪਰਗਟ ਕਰ ਕਹਾਂ ਮਨ ਅਨੰਦ ਕੇ ਸਾਥ॥੩॥
ਅੱਜ ਕੱਲ ਉਸ ਨੂੰ ਕਹਨ ਪੁਰਖ ਅਦੁਤੀ ਮਹਾਨ॥
ਮਹਾਂ ਰਿਖੀ ਵਿੱਦਯਾ ਧਨੀ ਕਰਕੇ ਲੋਗ ਬਖਾਨ॥੪॥
ਮਰੇ ਬਾਬੇ ਦੀ ਅੱਖੀਆਂ ਕਰਦੇ ਵੱਡੀਆਂ ਚਾਇ।
ਆਖਨ ਉਸ ਸਮ ਦੂਸਰਾ ਕੋਇ ਨ ਨਜ਼ਰੀ ਆਇ॥੫॥

ਦ੍ਵੈਯਾ—ਚੇਲੇ ਅਤੇ ਮੁਰੀਦਾਂ ਉਸਦਯਾਂ ਚਾ ਅਸਮਾਨ ਚੜ੍ਹਾਇਆ।
ਕੱਚ ਚਮਕਦੇ ਨੂੰ ਕਰ ਲੈਕਰ ਹੀਰਾ ਚੁਕ ਬਨਾਇਆ॥
ਆਖਨ ਉਸ ਦੇ ਜੋੜਾ ਨਾ ਸੀ ਜਗ ਵਿੱਚ ਪੰਡਤ ਕੋਈ।
ਭਾਰਤ ਭੂਮੀ ਦੀ ਗਤਿ ਮੁੜ ਕੇ ਓਸੇ ਕੋਲੋਂ ਹੋਈ॥੬॥
ਨਹੀਂ ਅਸੀਂ ਸਾਂ ਕਿਥੇ ਰਹਿਣਾ ਤੁਰਤ ਈਸਾਈ ਹੁੰਦੇ।
ਈਸਾ ਮਤ ਦੇ ਜੋ ਦਰਵਾਜ਼ੇ ਸੋ ਸਭ ਸੁਵਾਮੀ ਮੁੰਦੇ।
ਸਾਡੇ ਖਾਤਰ ਪਰਮੇਸ਼ੁਰ ਨੇ ਸੀ ਉਸ ਦੇ ਤਾਈਂ ਘੱਲਿਆ।
ਓਹੋ ਵੈਦਕ ਧਰਮ ਹੈ ਜਿਸ ਨੇ ਜਾਂਦਾ ਮੁੜ ਕੇ ਠੱਲਿਆ॥੭॥
ਏਹੋ ਜੇਹੇ ਮਾਰ ਗਪੌੜੇ ਲੋਕਾਂ ਨੂੰ ਭਰਮਾਇਆ।
ਦੇਖੋ ਦੇਖੀ ਫਸ ਗਏ ਕਿਤਨੇ ਭੇਡ ਚਾਲ ਦਾ ਸਾਇਆ।
ਏਸ ਦੇਸ ਦੀ ਮਿੱਟੀ ਵਿਚ ਕੁਛ ਹੈ ਇਹ ਮੂਰਖਤਾਈ।
ਜਣੇ ਖਣੇ ਨੂੰ ਰੱਬ ਬਣਾਉਣ ਪੂਜਨ ਹੋਇ ਖ਼ੁਦਾਈ॥੮॥
ਪਰ ਇਹ ਉਸ ਨੂੰ ਰੱਬ ਨ ਆਖਨ ਨਾ ਅਵਤਾਰ ਬਣਾਉਨ।
ਭੇਜਿਆ ਰੱਬ ਅਸਾਡੇ ਕਾਰਨ ਇਤਨੀ ਗੱਲ ਸੁਣਾਉਨ॥
ਕੋਈ ਉਸ ਨੂੰ ਗੁਰੂ ਬਨਾਵੇ ਕੋਈ ਆਖੇ ਭਾਈ।
ਅਜੇ ਤੀਕ ਉਸ ਤਾਈਂ ਪਦਵੀ ਹੱਥ ਨ ਇਨ ਕੇ ਆਈ॥੯॥
ਕੋਈ ਆਖੇ ਉਸ ਦਾ ਲਿਖਯਾ ਪੱਥਰ ਲੀਕ ਉਚਾਰੇ।
ਦੂਜਾ ਕਹੇ ਨਹੀਂ ਜੋ ਮਿੱਥਯਾ ਸੋ ਸਭ ਤਿਆਗ ਵਿਚਾਰੋ।



 www.sikhbookclub.com

ਇਸੇ ਤਰ੍ਹਾਂ ਦਾ ਵਿਚ ਇਨ੍ਹਾਂ ਦੇ ਹਜਾ ਝੰਬੇਲਾ ਭਾਰਾ॥
ਅਜੇ ਤੀਕ ਇਸ ਘੁੰਮਨ ਘੇਰੋਂ ਕੀਤਾ ਨਹੀਂ ਕਨਾਰਾ॥੧੦॥
ਅੱਜ ਕੱਲ ਜੋ ਉਸ ਸਾਧੂ ਨੂੰ ਮੰਨਨ ਸਾਡੇ ਪਜਾਰੇ।
ਅਰ ਜੋ ਲੇਖ ਓਸਦੇ ਮਗਰੋਂ ਪੰਚਮ ਬੇਦ ਉਚਾਰੇ॥
ਸੋ ਸਾਰਾ ਮੈਂ ਅੱਖੀਂ ਦੇਖਿਜਾ ਅਰ ਬੀਤਿਆ ਬਤਲਾਊਂ।
ਏਸ ਵਹਮ ਦੇ ਖਾਤੇ ਗਿਰਦਿਆਂ ਭੋਲੇ ਜਨਾਂ ਬਚਾਊਂ॥੧੦॥
ਦੋਹਿਰਾ—ਨਾਲ ਮੁੱਝ ਦੇ ਓਸ ਦਾ ਜੋ ਕੁਝ ਭਇਆ ਬਲਾਸ।
ਸੋ ਸਾਰਾ ਮੈਂ ਦੱਸ ਸਾਂ ਧਰ ਮਨ ਅਭਿਕ ਹੁਲਾਸ॥੧੧॥

ਭਾਵ—ਪਿਆਰੇ ਦੇਸ਼ ਵਾਸੀ ਸੱਜਣੋਂ ਮੈਂ ਇਸ ਪੁਸਤਕ ਦੇ ਕਥਨ ਵਿਚ ਕਦੇ ਭੀ ਪ੍ਰਵਿਰਤ ਨਾ ਹੁੰਦਾ ਜੇ ਮੈਂ ਜਾਣਦਾ ਕਿ ਇਸ ਦੇਸ ਦੇ ਲੋਗ ਜੈਸੀ ਵਸਤੂ ਨੂੰ ਓਸੀ ਕਹਨ ਦਾ ਮਾਦਾ ਰਖਦੇ ਹਨ, ਪ੍ਰੰਤੂ ਜਦ ਮੈਂ ਦੇਖਿਆ ਕਿ ਇਨਾਂ ਹਿੰਦੂ ਲੋਗਾਂ ਵਿਚ ਇਕ ਅੱਗਯਾਨ ਦੀ ਅੰਧੇਰੀ ਨਸਲ ਦਰ ਨਸਲ ਚਲੀ ਆਉਂਦੀ ਹੈ ਜੋ ਕਾਉਂ ਅਤੇ ਸੱਪਾਂ ਨੂੰ ਭੀ ਪਿਤ੍ਰ ਅਰ ਦੇਵਤੇ ਜਾਣਨ ਵਾਲੀ ਹੈ। ਇਸੀ ਤੇ ਸੁਵਾਮੀ ਦਯਾਨੰਦ ਜੈਸੇ ਪੁਰਖ ਨੂੰ ਭੀ ਇਨ੍ਹਾਂ ਨੇ ਹੁਣ ਮਨੂ, ਬਸ਼ਿਸ਼ਟ, ਬਿਆਸ ਅਤੇ ਸ਼ੰਕਰ ਵਧਕੇ ਤੋਂ ਅਪਨਾ ਮਹਾਂ ਰਿਸ਼ੀ ਮੰਨਣਾ ਧਰਮ ਜਾਣ ਲੀਤਾ ਹੈ, ਇਸੀ ਤਰ੍ਹਾਂ ਉਸੇ ਦੇ ਲਿਖਨੇ ਅਨੁਸਾਰ ਗੁਰੂਆਂ ਨੂੰ ਭੀ "ਦੰਭੀ" ਜਾਣਕੇ ਉਸ ਨੂੰ ਉਪਕਾਰੀ ਧਰਮ ਪ੍ਰਚਾਰੀ ਆਖਣ ਲੱਗ ਗਏ ਹਨ, ਤਦ ਮੇਰੇ ਦਿਲ ਨੇ ਧੀਰਜ ਨਾ ਕੀਤੀ ਅਰ ਚਾਹਿਆ ਕਿ ਉਸਦਾ ਓਹ ਹਾਲ ਜੋ ਮੇਰੇ ਨਾਲ ਸ਼ਾਸਤ੍ਰਾਰਥ ਕਰਦੇ ਹੋਇਆ ਸਾ, ਪ੍ਰਗਟ ਕਰ ਦਿਆਂ॥

ਇਹ ਬਾਤ ਹੋਰ ਹੈ ਕਿ ਉਸਦੇ ਭਗਤ ਲੋਗ ਜੋ ਪੱਕੇ ਹਠੀ ਹਨ ਯਾ ਉਹ ਨੌਜਵਾਨ ਲੜਕੇ ਜੋ ਉਸ ਵੇਲੇ ਜੰਮੇਂ ਹੀ ਨਹੀਂ ਸਨ ਯਾ ਅਲਫ, ਬੇ ਅਤੇ ਏ, ਬੀ, ਸੀ ਪੜ੍ਹਦੇ ਸਨ, ਮੇਰੀ ਸੱਚੀ ਬਾਤ ਨੂੰ ਨਾ ਮੰਨਣ ਪ੍ਰੰਤੂ ਅਜੇ ਤਕ ਉਹ ਲੋਗ ਜ਼ਿੰਦਾ ਹਨ ਜਿਨ੍ਹਾਂ ਨੇ ਮੇਰਾ ਅਤੇ ਉਨ੍ਹਾਂ ਦਾ ਉਤਰ ਪ੍ਰਸ਼ਨ ਸੁਣਿਆ ਸਾ, ਜਿਸ ਤੇ ਆਸ਼ਾ ਹੈ ਕਿ ਉਹ ਜ਼ਰੂਰ ਪਰਮੇਸ਼ੁਰ ਨੂੰ ਹਾਜ਼ਿਰ ਨਾਜ਼ਿਰ ਜਾਣਕੇ ਉਸ ਸਮਯ ਦੀ ਬਾਤ ਨੂੰ ਸੱਚੀ ਕਰਨਗੇ॥

ਮੇਰਾ ਉੱਤ੍ਰ ਪ੍ਰਸ਼ਨ ਉਨ੍ਹਾਂ ਨਾਲ ਤਿੰਨ ਵੇਰ ਲਾਹੌਰ ਵਿਚ ਹੋਇਆ ਹੈ; ਜਿਸ ਦਾ ਹਾਲ ਮੈਂ ਜੋ ਉਸ ਵੇਲੇ ਲਿਖ ਲੀਤਾ ਸਾ ਯਾ ਯਾਦ ਰਖਜਾ ਸਾ ਲਿਖਕੇ ਦੱਸਦਾ ਹਾਂ।

ਦੋਹਿਰਾ—ਇਸ ਤੇ ਪਹਿਲੇ ਹਾਲ ਮੈਂ ਅਪਨਾਂ ਦੱਸਾਂ ਕੁੱਝ॥
ਜਿਸ ਤੇ ਸੁਣਦੇ ਸਾਰ ਹੀ ਸੰਸਾ ਜਾਊ ਬੁੱਝ॥੧੨॥
ਜਨਮ ਲਿਆ ਮੈਂ ਸੰਤ ਘਰ ਜੋ ਕਰਦੇ ਉਪਦੇਸ਼॥


www.sikhbookclub.com

**ਜਿਸ ਤੇ ਬਾਲਕ ਉਮਰ ਮਹਿ ਮੈਂ ਭੀ ਹਰੇ ਕਲੇਸ਼॥੧੩॥**

ਭਾਵ—ਇਸ ਬਾਤ ਨੂੰ ਹਰ ਇਕ ਪੁਰਖ ਜਾਣਦਾ ਹੈ ਕਿ ਮੇਰਾ ਜਨਮ ਸੰਤਾਂ ਦੇ ਘਰ ਵਿਚ ਹੋਇਆ ਸੀ ਅਰ ਮੇਰੇ ਪਿਤਾ ਜੀ ਲੋਗਾਂ ਨੂੰ ਏਹੋ ਉਪਦੇਸ਼ ਕਰਦੇ ਸਨ ਜੋ ਅੱਜ ਕੱਲ ਮੈਂ ਕਰ ਰਿਹਾ ਹਾਂ, ਜਿਸ ਦੇ ਪ੍ਰਤਾਪ ਕਰਕੇ ਮੈਣਦੁਆਬ ਦੇ ਨਗਰਾਂ ਦੇ ਨਗਰ ਬੰਧਨਾਂ ਤੇ ਛੁੱਟ ਗਏ, ਅਤੇ ਅੱਜ ਤਕ ਉਹ ਲੋਗ ਉਸੇ ਤਰ੍ਹਾਂ ਨਿਰਬੰਧ ਹਨ, ਪਰੰਤੂ ਇਹ ਸਾਰਾ ਹਾਲ ਕਦੇ ਅਪਨੇ ਜੀਵਨ ਬ੍ਰਿਤਾਂਤ ਵਿਚ ਲਿਖਾਂਗਾ॥

ਮੈਂ ਅੱਠ ਨੌ ਸਾਲ ਦੀ ਉਮਰ ਵਿੱਚ ਹੀ ਅਪਨੇ ਪਿਤਾ ਜੀ ਦੇ ਪਾਸੋਂ ਜੁਦਾ ਹੋ ਕੇ ਉਪਦੇਸ਼ ਕਰਨ ਲੱਗਾ ਅਰ ਜਿਸ ਨਗਰ ਜਾਂਦਾ ਓਥੇ ਹੀ ਮੜ੍ਹੀ, ਮਸਾਣੀ, ਭੈਰੋਂ, ਦੇਵੀ ਦੇਵਤੇ ਪੂਜਣੋਂ ਲੋਕਾਂ ਨੂੰ ਹਟਾ ਕੇ ਵੇਦਾਂਤ ਦਾ ਉਪਦੇਸ਼ ਕਰਦਾ ਹੁੰਦਾ ਸਾਂ। ਇਸਦੇ ਨਾਲ ਹੀ ਜਿੱਥੇ ਕੋਈ ਗੁਣੀ ਪੰਡਤ ਯਾ ਸਾਧੂ ਦੇਖਦਾ ਉਸ ਦੇ ਪਾਸ ਕੁਛ ਮਹੀਨੇ ਰਹਕੇ ਵਿੱਦਯਾ ਪੜ੍ਹਦਾ, ਜਿਸ ਪਰ ਸ਼ਾਸਤ੍ਰਾਰਥ ਕਰਨ ਦਾ ਮੈਨੂੰ ਅੱਛਾ ਢੰਗ ਆ ਗਿਆ ਸਾ ਅਤੇ ਵੱਡੇ ਵੱਡੇ ਪ੍ਰਸਿੱਧ ਪੰਡਤਾਂ ਅਤੇ ਸਾਧੂਆਂ ਨਾਲ ਕਈ ਕਈ ਦਿਨ ਧਰਮ ਦੇ ਵਿਸ਼ਯ ਪਰ ਵਿਚਾਰ ਕਰਦਾ ਰਹਿੰਦਾ ਸਾਂ, ਇਸ ਵਾਸਤੇ ਉਸ ਦੇਸ ਵਿਚ ਮੈਂ ਲੋਕਾਂ ਵਿਖੇ ਗਯਾਨੀ ਪ੍ਰਸਿੱਧ ਹੋ ਗਿਆ ਸਾਂ ਅਤੇ ਬਹੁਤ ਲੋਗ ਮੈਨੂੰ ਆਪਣੇ ਮਨੋਂ ਪਰਤਿਸ਼ਟਤ ਸਮਝਦੇ ਸਨ॥

ਉਸ ਸਮਜ ਦਾ ਥੋੜਾ ਜੇਹਾ ਹਾਲ ਮੇਰੇ ਉਸ ਨਿੰਦਯਾ ਪੱਤ੍ਰ ਵਿਚ, ਜੋ ਮੋਨਾ ਸ਼ੁਧੀ ਦੇ ਪਰਚਾਰ ਹਟਾਉਣ ਵੇਲੇ ਮੇਰੇ ਪਰ ਤੰਗ ਆ ਕੇ ਅੰਨਮਤੀ ਭਾਈਆਂ ਨੇ ਮੇਰੇ ਹੀ ਭਾਈਆਂ ਤੇ ਛਪਵਾਕੇ "ਧਰਮ ਚਿਹਰੇ" ਨਾਮ ਰੱਖ ਕੇ ਵੰਡੇ ਸਨ, ਪਾਇਆ ਜਾਂਦਾ ਹੈ॥

ਏਥੇ ਇਤਨਾ ਆਖਣਾ-ਭੀ ਕੋਈ ਬੁਰਾ ਨਹੀਂ ਹੈ ਕਿ ਆਰੀਆ ਸਮਾਜੀ ਸੱਜਣਾਂ ਦਾ ਇਹ ਪ੍ਰਕ੍ਰਿਤਕ ਸੁਭਾਵ ਹੈ ਕਿ ਜਦ ਕਿਸੇ ਨਾਲ ਸ਼ਾਸਤ੍ਰਾਰਥ ਅਤੇ ਉਕਤੀ ਯੁਕਤੀ ਨਾਲ ਪੂਰੇ ਨਹੀਂ ਉਤਰਦੇ ਤਦ ਉਸ ਨਾਲ ਨਿੰਦਯਾ ਅਤੇ ਬੁਰਾ ਭਲਾ ਆਖਣ ਦਾ ਕੰਮ ਕਰਨ ਲੱਗ ਜਾਂਦੇ ਹਨ, ਜਿਸ ਤੇ ਇਹ ਖਯਾਲ ਕਰਦੇ ਹਨ ਕਿ ਲੋਗ ਉਸ ਨੂੰ ਬੁਰਾ ਜਾਣਕੇ ਨਫਰਤ ਕਰਨਗੇ।

ਇਸੇ ਵਾਸਤੇ ਮੇਰੇ ਨਾਲ ਭੀ ਏਹੋ ਵਰਤਾਉ ਹੋਇਆ, ਅਤੇ ਜਿਸ ਪਰਕਾਰ ਮੁਰਗਬਾਜ ਦੋ ਭਾਈ ਮੁਰਗਿਆਂ ਨੂੰ ਜਦ ਲੜਾਉਣਾ ਚਾਹੁੰਦੇ ਹਨ ਤਦ ਇਹ ਸਮਝ ਕੇ ਇਹ ਭਾਈ ਹੋਣ ਦੇ ਕਾਰਨ ਨਹੀਂ ਲੜਨਗੇ ਉਨ੍ਹਾਂ ਵਿਚੋਂ ਇਕ ਦੇ ਮੱਥੇ ਨੂੰ ਸਿਆਹੀ ਲਾ ਦੇਂਦੇ ਹਨ। ਜਿਸ ਪਰ ਉਹ ਇਕ ਦੂਜੇ ਨੂੰ ਓਪਰਾ ਜਾਣਕੇ ਲੜ੍ਹਨ ਲੱਗ ਜਾਂਦੇ ਹਨ ਅਰ ਮੁਰਗ਼ਬਾਜ਼ ਤਮਾਸ਼ਾ ਦੇਖਦੇ ਹਨ।

ਇਸੇ ਤਰ੍ਹਾਂ ਇਨ੍ਹਾਂ ਨੇ ਸਾਡੇ ਭਾਈਆਂ ਨੂੰ ਭੀ ਤਾਰੀਫ ਅਤੇ ਲਾਲਚ ਦੀ ਰੰਗਤ ਨਾਲ ਰੰਗ ਕੇ ਮੋਨਾ ਸ਼ੁੱਧੀ ਪਰਚਾਰ ਕਰਨਾ ਚਾਹਿਆ ਸਾ ਜਿਸ ਨੂੰ ਦੇਖਕੇ



 www.sikhbookclub.com

ਅਸੀਂ ਰੋਕਣ ਲੱਗੇ ਅਤੇ ਦੋਨਾਂ ਭਾਈਆਂ ਖੂਬ ਲੜਾਈ ਹੋਈ ਅਤੇ ਇਕ ਦੂਜੇ ਦੇ ਐਬ ਅਪਨੇ ਦੁਰਬਚਨਾਂ ਦੀ ਖਾਰਾਂ ਮਾਰਕੇ ਘਾਵਾਂ ਦੀ ਨਿਆਈ ਪ੍ਰਗਟ ਕੀਤੇ, ਜਿਸ ਤੇ ਓਹੋ ਘਾਉ ਮੇਰੇ ਇਸ ਵੇਲੇ ਗੁਵਾਹ ਹੋ ਗਏ ਹਨ, ਜੋ ਦੱਸਦੇ ਹਨ ਕਿ ਮੈਂ ਬਚਪਨ ਵਿਚ ਕਜਾ ਕੰਮ ਕਰਦਾ ਹੁੰਦਾ ਸਾਂ ਅਤੇ ਲੋਗਾਂ ਦੀ ਮੇਰੇ ਨਾਲ ਕੈਸੀ ਪ੍ਰੀਤੀ ਸੀ, ਯਥਾ :-

"ਸੁਣਿਆ ਜਾਂਦਾ ਹੈ ਕਿ ਭਾਈ ਦਿੱਤ ਸਿੰਘ ਜੀ ਗੁਲਾਬਦਾਸੀ ਮਤ ਦੀ ਫ਼ਕੀਰੀ ਹਾਲਤ ਵਿਚ ਚਿਰ ਕਾਲ ਤਕ ਅਤੇ ਪੁਰ ਤਹਿਸੀਲ ਖਰੜ ਜ਼ਿਲਾ ਅੰਬਾਲਾ ਵਿਚ ਕੁਟੀਆ ਅਤੇ ਛੋਟਾ ਜਿਹਾ ਬਗੀਚਾ ਬਣਾ ਰਹੇ ਹਨ ਅਤੇ ਲਾਂਭੇ ਦੇ ਪਿੰਡਾਂ ਵਿਚ ਗੁਰੂ ਬਣ ਕਰ ਆਪਣੇ ਆਪ ਨੂੰ ਪੁਜਾਂਦੇ ਰਹੇ ਹਨ, ਉਹੋ ਲੋਗ ਹੁਣ ਤਕ ਇਨ੍ਹਾਂ ਨੂੰ ਗੁਰੂ ਮੰਨਦੇ ਅਤੇ ਭੇਟਾ ਪੂਜਾ ਦੇਂਦੇ ਹਨ।"

*ਜ਼ਮੀਨਾਂ ਸ਼ੁੱਧੀ ਪੱਤ੍ਰ ਦੇ ਚੋਰਿਆਂ ਪਰ ਵਿਚਾਰ, ਸਫਾ 16*

ਇਹ ਲੇਖ ਜੋ ਮੇਰੀ ਨਿੰਦਜਾ ਪਰ ਮੇਰੇ ਭਾਈਆਂ ਨੇ ਲਿਖਜਾ ਸਾ ਸੋ ਇਤਨੀ ਬਾਤ ਜ਼ਰੂਰ ਦੱਸਦਾ ਹੈ ਕਿ ਮੈਂ ਬਾਲਕ ਪੁਣੇ ਵਿਚ ਹੀ ਲੋਗਾਂ ਨੂੰ ਐਸੇ ਉਪਦੇਸ਼ ਕਰਦਾ ਸਾਂ ਜੋ ਨਗਰਾਂ ਦੇ ਨਗਰ ਮੈਨੂੰ ਪ੍ਰਤਿਸ਼ਟਤ ਜਾਣਕੇ ਇੱਜ਼ਤ ਕਰਦੇ ਸਨ, ਅਤੇ ਅੱਜ ਤਕ ਉਨ੍ਹਾਂ ਨਗਰਾਂ ਦੇ ਲੋਗ ਉਨ੍ਹਾਂ ਉਪਦੇਸ਼ਾਂ ਨੂੰ ਭੁੱਲ ਨਹੀਂ ਗਏ ਕਿੰਤੂ ਵੈਸੀ ਹੀ ਪ੍ਰੀਤੀ ਇਸ ਵੇਲੇ ਤਾਈਂ ਰੱਖਦੇ ਹਨ।

SIKHBOOKCLUB.COM

ਸਾਡੇ ਭਾਈਆਂ ਦੇ ਇਸ ਕਥਨ ਤੇ ਰਜਬ ਜੀ ਦੇ ਇਸ ਬਚਨਾਨੁਸਾਰ, ਯਥਾ "ਸਾਧ ਸਰਾਹੇ ਸੋ ਸਤੀ ਜਤੀ ਜੋਖਤਾ ਜਾਨ॥ ਰਜਬ ਸਾਚੇ ਸੂਰ ਕਾ ਵੈਰੀ ਕਰੇ ਬਖਾਨ॥" ਅਰਥਾਤ ਸਤ ਵਾਲਾ ਓਹ ਪੁਰਖ ਹੈ ਜਿਸਦੀ ਸਾਖੀ ਮਹਾਤਮਾਂ ਦੇਣ ਅਰ ਜਤੀ ਉਹ ਹੈ ਜਿਸਦੀ ਪਰਸੰਸਾ ਇਸਤ੍ਰੀਆਂ ਕਰਨ ਅਤੇ ਬਹਾਦੁਰ ਉਹ ਹੈ ਜਿਸਦੀ ਸਮਰੱਥਾ ਦੀ ਗਵਾਹੀ ਉਸਦੇ ਮੁਖ਼ਾਲਫ਼ ਦੇਣ ਇਸੇ ਵਾਸਤੇ ਭਾਈਆਂ ਦੀ ਇਸ ਗੁਵਾਹੀ ਨੇ ਦੱਸਜਾ ਹੈ ਕਿ ਬਾਲਕ ਪਣੇ ਵਿਚ ਦਜਾਨੰਦ ਜੀ ਵਿਦਜਾਰਥੀ ਹੋਕੇ ਕਿਤੇ ਅਸ਼ਟਾਧਜਾਈ ਪੜ੍ਹਦੇ ਹੋਣਗੇ ਤਦ ਮੈਂ ਸੰਤ ਹੋ ਕੇ ਉਪਦੇਸ਼ ਕਰਦਾ ਹੁੰਦਾ ਸਾਂ।

ਉਸਤੇ ਅੱਗੇ ਜਦ ਮੈਂ ਉਸ ਜਗ੍ਹਾ ਉਪਦੇਸ਼ ਕਰਦਾ ਅਤੇ ਲੋਗਾਂ ਦੇ ਬੰਧਨ ਤੋੜਦਾ ਹੋਇਆ ਚੌਂਠਿਆਂ ਵਾਲੇ ਡੇਰੇ ਜ਼ਿਲਾ ਲਾਹੌਰ ਵਿਚ ਆਇਆ ਤਦ ਮੈਂ ਸੰਤ ਦੇਸਾ ਜੀ ਪਾਸੋਂ, ਜੋ ਵੱਡੇ ਵਿਦਜਾਵਾਨ ਅਰ ਸ਼ੁਭ ਗੁਣਾਂ ਸੰਪੰਨ ਹਨ, ਕਈ ਪੁਸਤਕ ਪੜੇ ਅਰ ਉਹ ਸੰਤ ਰਾਇ ਬਹਾਦਰ ਰਾਇ ਬਹਾਦਰ ਰਾਇ ਹੇਤੂਰਾਮ ਸਾਹਿਬ ਸੀ.ਆਈ.ਈ. ਸਾਬਕ ਅਸਿਸਟੰਟ ਪੋਲੀਟੀਕਲ ਏਜੰਟ ਬਲੋਚਸਤਾਨ ਦੇ ਉਤਦੇਸ਼ਟਾ ਹਨ ਅਤੇ ਏਸੇ ਕਾਰਨ ਤੇ ਸ੍ਰੀ ਯੁਤ ਰਾਇ ਸਾਹਿਬ ਦਾ ਮੇਰੇ ਨਾਲ ਬਚਪਨ ਤੋ ਹੀ ਵੱਡਾ ਪ੍ਰੇਮ ਹੈ।

ਉਸ ਵੇਲੇ ਭੀ ਮੈਂ ਚੁਪ ਨਹੀਂ ਕੀਤਾ ਸਾਂ ਕਿੰਤੂ ਮਾਝੇ ਦੇ ਵਿਚ ਜੋ ਕਿ ਇਕ ਸੂਰ ਬੀਰ ਅਤੇ ਬਹਾਦਰ ਦੇਸ ਹੈ ਉਪਦੇਸ਼ ਕਰਨੇ ਲਗਜਾ ਜਿਸਤੇ ਨਗਰਾਂ ਦੇ ਨਗਰ ਭਰਮ ਵਿਚੋਂ ਨਿਕਲ ਗਏ, ਅਰ ਅੱਜ ਤਕ ਮਾਝੇ ਵਿਚ ਸਖੀ ਸਰਵਰ ਯਾ ਕੋਈ ਦੇਵੀ ਦੇਵਤਾ ਜ਼ੋਰ ਨਹੀਂ ਪਾ ਸਕਦਾ, ਕਿਉਂਕਿ ਜਿਸ ਤਰ੍ਹਾਂ ਤੇਲ ਨਾਲ ਭਿਗੋ ਹੋਏ ਕਾਗ਼ਤ ਨੂੰ ਪਾਣੀ ਨਹੀਂ ਪੋਹਿੰਦਾ ਇਸੀ ਤਰ੍ਹਾਂ ਨਿਸ ਭਰਮ ਹੋਏ ਪੁਰਖਾਂ ਨੂੰ ਅਗਜਾਨ ਦੇ ਬੰਧਨ ਨਹੀਂ ਪੋਹਿੰਦੇ, ਅਰ ਮੈਂ ਉਨ੍ਹਾਂ ਦਿਨਾਂ ਵਿਚ ਸਰਾਧ ਅਤੇ ਮੜ੍ਹੀ ਮਸਾਣੀ ਆਦਿਕ ਦਾ ਬੂਟਾ ਪੁੱਟਦਾ ਹੁੰਦਾ ਸਾਂ ਜਿਸ ਤੇ ਨਗਰਾਂ ਦੇ ਨਗਰ ਮੈਨੂੰ ਪ੍ਰੇਮ ਕਰਦੇ ਸਨ।

ਹੁਣ ਵਿਚਾਰ ਜੋਗ ਇਹ ਬਾਤ ਹੈ ਕਿ ਜਦ ਮੈਂ ਬਾਲ ਅਵਸਥਾ ਤੋਂ ਹੀ ਉਪਦੇਸ਼ ਕਰਦਾ ਸਾਂ, ਅਰ ਉਸ ਸਮਯ ਵਿੱਚ ਦਯਾਨੰਦ ਜੀ ਦਾ ਕੋਈ ਨਾਮ ਨਸ਼ਾਨ ਭੀ ਨਹੀਂ ਜਾਣਦਾ ਸੀ (ਜਿਸ ਤੇ ਖਯਾਲ ਆਉਂਦਾ ਹੈ ਕਿ ਸ਼ਾਇਦ ਸੁਵਾਮੀ ਜੀ ਉਸ ਵੇਲੇ ਚਾਕੂ ਨਾਲ ਗੰਗਾ ਦੇ ਕਿਨਾਰੇ ਮੁਰਦੇ ਫਾੜ ਕੇ ਡਾਕਟਰੀ ਨੂੰ ਝੂਠੀ ਕਰਦੇ ਹੋਣਗੇ ਜੈਸਾ ਕਿ ਉਹ ਆਪਣੇ ਜੀਵਨ ਵਿਚ ਲਿਖਦੇ ਹਨ) ਉਨ੍ਹਾਂ ਨਾਲ ਮੇਰਾ ਸੰਬਾਦ ਕੋਈ ਗੱਪ ਨਹੀਂ ਸੀ॥

**ਦੋਹਿਰਾ—ਹੁਣ ਸੁਣੀਏ ਉਸ ਬਾਤ ਨੂੰ ਜੋ ਸੁਵਾਮੀ ਜੀ ਨਾਲ।**
**ਮੇਰੀ ਹੋਈ ਸਜਨੋਂ ਸੋਚੋ ਨਾਲ ਖਯਾਲ॥੧੩॥**
**ਅੱਜ ਤੀਕ ਓਹ ਲੋਗ ਹਨ ਜ਼ਿੰਦੇ ਏਸ ਜਹਾਨ।**
**ਸੱਚ ਝੂਠ ਜੋ ਮੁੱਝਦਾ ਆਪੇ ਲੈਨ ਪਛਾਨ॥੧੪॥**

ਭਾਵ—ਉਨ੍ਹਾਂ ਦਿਨਾਂ ਵਿਚ ਮੈਂ ਚੱਠਿਆਂ ਵਾਲੇ ਰਹਿੰਦਾ ਹੁੰਦਾ ਸਾਂ ਪ੍ਰੰਤੂ ਮੈਨੂੰ ਚਰਚਾ ਵਾਰਤਾ ਕਰਨ ਦਾ ਬਹੁਤ ਚਾਉ ਹੁੰਦਾ ਸਾ, ਇਸ ਵਾਸਤੇ ਲਾਹੌਰ ਵਿਚ ਮਹੀਨੇ ਯਾ ਦੋ ਮਹੀਨੇ ਮਗਰੋਂ ਜ਼ਰੂਰ ਆਉਂਦਾ ਸਾਂ, ਅਰ ਲਾਲਾ ਰੋਡੂਰਾਮ ਜੀ ਹਕੀਮ ਨੂੰ, ਜੋ ਮੀਆਂ ਖਾਂ ਦੀ ਹਵੇਲੀ ਦੇ ਪਾਸ ਰਹਿੰਦੇ ਹਨ, ਮਿਲਯਾ ਕਰਦਾ ਸਾਂ ਅਰ ਸੂਤ੍ਰਮੰਡੀ ਵਿਚ ਸਰਦਾਰ ਮਹਾਂ ਸਿੰਘ ਦੀ ਹਵੇਲੀ ਵਿਚ ਜਿੱਥੇ ਓਨ੍ਹਾਂ ਦੇ ਸਪੁਤ੍ਰ ਸਰਦਾਰ ਨਿਹਾਲ ਸਿੰਘ ਜੀ ਅਤੇ ਸਰਦਾਰ ਸਵਾਇਆ ਸਿੰਘ ਜੀ ਰਹਿੰਦੇ ਸਨ, ਇਕ ਸਾਧੂ ਪਾਸ ਨਿਵਾਸ ਕਰਦਾ ਹੁੰਦਾ ਸਾਂ, ਜਿਸਤੇ ਦਿਨ ਵੇਲੇ ਤਾਂ ਭਾਈ ਜ੍ਵਾਹਰ ਸਿੰਘ ਜੀ ਨਾਲ ਜੋ ਅਜੇ ਥੋੜੇ ਚਿਰ ਤੋਂ ਹੀ ਰੇਲਵੇ ਦਫਤ੍ਰ ਵਿਚ ਨੌਕਰ ਹੋਏ ਸਨ, ਅਤੇ ਲਾਲਾ ਰੋਡੂਰਾਮ ਜੀ ਨਾਲ ਗਜਾਨ-ਗੋਸ਼ਟ ਕਰਦਾ ਰਹਿੰਦਾ ਸਾਂ ਅਰ ਰਾਤ ਨੂੰ ਓਥੇ ਆ ਕੇ ਅਸ਼ਰਾਮ ਕਰਦਾ ਸਾਂ॥

ਓਨ੍ਹਾਂ ਦਿਨਾਂ ਵਿਚ ਸ੍ਵਾਮੀ ਸੰਪਤ ਗਿਰੀ ਜੀ ਨਾਲ (ਜੋ ਇਕ ਉਪਨਿਖਧਾਂ ਅਤੇ ਵੇਦਾਂਤ ਦੇ ਅਤਯੰਤ ਹੀ ਪ੍ਰਸਿੱਧ ਪੰਡਤ ਅਰ ਸੰਨਯਾਸੀ ਸਾਧੂ ਸਨ, ਕਦੇ ਕਦੇ ਅਪਨੀ ਮੰਡਲੀ ਸਮੇਤ ਆ ਕੇ ਮੰਗਲਾਂ ਦੇ ਸ਼ਿਵਾਲੇ ਰੰਹਿਦੇ ਹੁੰਦੇ ਸਨ) ਮੈਂ ਅਤੇ


www.sikhbookclub.com

ਭਾਈ ਜਵਾਹਰ ਸਿੰਘ ਜੀ ਜਾ ਕੇ ਪ੍ਰਸ਼ਨ ਕਰਦੇ ਹੁੰਦੇ ਸੇ॥

ਇਸੀ ਤਰ੍ਹਾਂ ਅਸੀਂ ਤਿੰਨੇ ਮਿੱਤ੍ਰ ਭਾਈ ਈਸ਼ਰ ਸਿੰਘ ਜੀ ਸੰਤ ਨਿਰਮਲੇ ਅਰ ਭਾਈ ਬਿਸ਼ਨ ਸਿੰਘ ਜੀ ਸੰਤ ਨਿਰਮਲਿਆਂ ਨਾਲ ਜੋ ਵੇਦਾਂਤ ਦੇ ਵੱਡੇ ਵੱਡੇ ਪੰਡਤ ਸਨ, ਅਰ ਉਹ ਕਦੇ ਕਦੇ ਲਾਹੌਰ ਆ ਕੇ ਰਹਿੰਦੇ ਹੁੰਦੇ ਸਨ, ਜ਼ਰੂਰ ਜਾ ਕੇ ਵਿਚਾਰ ਕਰਦੇ ਅਤੇ ਵੇਦਾਂਤ ਦੇ ਵੱਡੇ ਵੱਡੇ ਪ੍ਰਕਰਣਾ ਪਰ ਉੱਤ੍ਰ ਪ੍ਰਸ਼ਨਾਂ ਦੇ ਪ੍ਰਸੰਗ ਚਲਾਉਂਦੇ ਸਾਂ, ਜਿਸ ਤੇ ਸ਼ਹਰ ਦੇ ਬਹੁਤ ਸਾਰੇ ਸੱਜਣ ਸਾਡੇ ਵਾਕਫ਼ ਹੋ ਗਏ ਸਨ।

**ਦੋਹਿਰਾ—ਉਨ੍ਹਾਂ ਦਿਨਾਂ ਵਿਚ ਆ ਗਏ ਸ੍ਵਾਮੀ ਜੀ ਇਸ ਦੇਸ਼॥**
**ਲੁਦਿਹਾਨੇ ਤੇ ਜਿਨ ਕਰਾ ਵਿਚ ਲਾਹੌਰ ਪ੍ਰਵੇਸ਼॥੧੫॥**

ਭਾਵ—ਉਨ੍ਹਾਂ ਦਿਨਾਂ ਵਿਚ ਹੀ 19 ਅਪ੍ਰੈਲ ਸੰ: 1877 ਈ: ਨੂੰ ਸ੍ਵਾਮੀ ਦਯਾਨੰਦ ਜੀ ਲਾਹੌਰ ਆ ਗਏ, ਅਰ ਆ ਕੇ ਸ੍ਰੀ ਮਾਨਜ ਗੁਰਪੁਰ ਨਿਵਾਸੀ ਰਤਨ ਚੰਦ ਜੀ ਦਾਹੜੀ ਵਾਲੇ ਦੇ ਬਾਗ਼ ਵਿਚ ਉਤਰੇ। ਉਨ੍ਹਾਂ ਦਿਨਾਂ ਵਿਚ ਮੈਂ ਅਤੇ ਸਰਦਾਰ ਅਤਰ ਸਿੰਘ ਗੁਰਪੁਰ ਨਿਵਾਸੀ ਜ਼ੈਲਦਾਰ ਕਿਸ਼ਨਪੁਰਾ ਜ਼ਿਲਾ ਫੀਰੋਜ਼ਪੁਰ ਤਹਿਸੀਲ ਜ਼ੀਰਾ ਕਿਸੇ ਕੰਮ ਲਈ ਲਾਹੌਰ ਆਏ ਹੋਏ ਸੇ॥

ਤਦ ਲੋਗਾਂ ਦੀ ਜ਼ੁਬਾਨੀ ਇਹ ਆਮ ਤੌਰ ਪਰ ਚਰਚਾ ਸੁਣਿਆ ਕਿ ਇਕ ਪੰਡਤ ਆਯਾ ਹੈ ਜਿਸਦੇ ਸਾਮ੍ਹਣੇ ਚਰਚਾ ਵਿਚ ਕੋਈ ਬੋਲ ਨਹੀਂ ਸਕਦਾ। ਸਰਦਾਰ ਅਤਰ ਸਿੰਘ ਜੀ ਗਯਾਨ ਗੋਸ਼ਟ ਕਰਨ ਲਈ ਬਹੁਤ ਤਕੜੇ ਸੇ, ਪ੍ਰੰਤੂ ਭਾਵੇਂ ਉਹ ਉਮਰਾ ਕਰਕੇ ਬ੍ਰਿਧ ਭੀ ਸਨ ਕਿੰਤੂ ਫਿਰ ਭੀ ਬੋਲਣੇ ਸਮਜ ਉਕਤੀ ਯੁਕਤੀਆਂ ਵਿਚ ਜੁਆਨਾਂ ਨੂੰ ਪਾਸੇ ਕਰਦੇ ਸਨ।

ਉਸ ਵੇਲੇ ਮੈਂ ਅਰ ਇਸ ਸਰਦਾਰ ਸਾਹਿਬ ਨੇ ਸਲਾਹ ਕੀਤੀ ਕਿ ਚੱਲੋ ਅੱਜ ਓਸ ਪੰਡਤ ਨਾਲ ਚਰਚਾ ਕਰੀਏ ਅਰ ਦੇਖੀਏ ਜੋ ਉਹ ਕਿਤਨੇ ਕੁ ਪਾਣੀ ਵਿਚ ਹੈ। ਤਦ ਅਸੀਂ ਦੋਨੋਂ ਮਿਲਕੇ ਭਾਈ ਜ੍ਵਾਹਰ ਸਿੰਘ ਜੀ ਅਤੇ ਲਾਲਾ ਰੋਡੂਰਾਮ ਜੀ ਪਾਸ ਗਏ ਅਰ ਸਲਾਹ ਕੀਤੀ ਕਿ ਚੱਲੋ ਉਸ ਸਾਧ ਪੰਡਤ ਨਾਲ ਸੰਬਾਦ ਕਰੀਏ ਅਤੇ ਦੇਖੀਏ ਜੋ ਉਹ ਕਯਾ ਸਿੱਧ ਕਰਦਾ ਹੈ, ਅਤੇ ਉਸਦਾ ਮਤ ਕਿਆ ਹੈ?

ਫਿਰ ਅਸੀਂ ਚਾਰੇ ਮਿਲ ਕੇ ਸੰਧਯਾ ਦੇ ਪੰਜ ਕੁ ਬਜੇ ਪੰਡਤ ਦਯਾਨੰਦ ਜੀ ਦੇ ਡੇਰੇ ਬਾਗ਼ ਵਿਚ ਗਏ ਅਰ ਜਾਕੇ ਕਯਾ ਦੇਖਯਾ ਜੋ ਇਕ ਵਡਾ ਰਿਸ਼ਟ ਪੁਸ਼ਟ ਸਾਧੂ ਨੰਗਾ ਤਕੀਆ ਲਗਾਕੇ ਗੁਦੇਲੇ ਪਰ ਬੈਠਾ ਹੈ ਜਿਸਦੇ ਸਿਰ ਮੂੰਹ ਪਰ ਤਾਜ਼ੀ ਹੀ ਹਜਾਮਤ ਕਰਾਈ ਹੋਈ ਹੈ, ਅਰ ਜਾਲੀ ਦਾਰ ਫੁੰਮਣ ਵਾਲੀ ਚਿੱਟੀ ਟੋਪੀ ਉਸ ਦੇ ਸਿਰ ਪਰ ਹੈ। ਉਸ ਸਮਜ ਸ਼ਹਰ ਦੇ ਬਹੁਤ ਸਾਰੇ ਆਦਮੀ ਉਸ ਪਾਸ ਬੈਠੇ ਉੱਤ੍ਰ ਪ੍ਰਸ਼ਨ ਕਰਦੇ ਸਨ ਪਰੰਤੂ ਪੰਡਤ ਜੀ ਜੈਸਾ ਉਸ ਵੇਲੇ ਫੁਰੇ ਓਸੇ ਓਸੇ ਉੱਤ੍ਰ ਸਭ ਨੂੰ ਦੇ ਰਹੇ ਸਨ, ਤਦ ਅਸੀਂ ਭੀ ਜਾ ਕੇ ਪਾਸ ਬੈਠ ਗਏ ਅਰ ਉਨ੍ਹਾਂ ਦਾ ਬੋਲਣ ਵਾਲਾ ਢੰਗ ਤਾੜਦੇ ਰਹੇ ਕਿ ਕਿਸ ਚਾਲ ਚਲਦੇ ਹਨ॥



 www.sikhbookclub.com

ਜਦ ਸਾਨੂੰ ਬੀਸ ਕੁ ਮਿੰਟ ਬੈਠਿਆਂ ਨੂੰ ਹੋ ਗਏ ਤਦ ਭਾਈ ਜਵਾਹਰ ਸਿੰਘ ਹੋਰਾਂ ਨੇ ਮੇਰੀ ਵੱਲ ਤੱਕ ਕੇ ਸੈਨਤ ਕੀਤਾ ਕਿ ਕੁਝ ਪੁੱਛ ਲੇਵੋ, ਜਿਸ ਪਰ ਮੈਂ ਅੱਗੋ ਹੋ ਕੇ ਆਖਯਾ ਕਿ ਸੰਤ ਜੀ ਮੈਂ ਕੁਛ ਆਪ ਅੱਗੇ ਪ੍ਰਸ਼ਨ ਕਰਨਾ ਚਾਹੁੰਦਾ ਹਾਂ, ਇਸ ਬਾਤ ਨੂੰ ਸੁਣਕੇ ਉਨ੍ਹਾਂ ਨੇ ਕਿਹਾ ਕਿ ਪੁੱਛੋ ਕਿਆ ਪੁੱਛਦੇ ਹੋ? ਜਿਸ ਪਰ ਮੈਂ ਇਹ ਪ੍ਰਸ਼ਨ ਕੀਤਾ ਕਿ ਦੱਸੋ ਇਸ ਜਗਤ ਦਾ ਕਰਤਾ ਕੌਣ ਹੈ? ਇਸ ਮੇਰੇ ਕਥਨ ਨੂੰ ਸੁਣਦੇ ਸਾਰ ਅੱਗੋਂ ਇਹ ਉੱਤ੍ਰ ਦਿੱਤਾ ਕਿ ਜਗਤ ਕਰਤਾ "ਈਸ਼੍ਵਰ ਹੈ"

ਜਿਸ ਪਰ ਮੈਂ ਪੁਛਿਆ ਕਿ ਈਸ਼੍ਵਰ ਇਸ ਜਗਤ ਨੂੰ ਆਪਣੇ ਆਪ ਤੇ ਅਰਥਾਤ ਆਪਣੇ ਵਿਚੋਂ ਪੈਦਾ ਕਰਦਾ ਹੈ ਕਿ ਆਪਣੇ ਤੇ ਭਿੰਨ ਕਿਸੇ ਹੋਰ ਵਸਤੂ ਤੇ?

ਇਸਦਾ ਉੱਤ੍ਰ ਪੰਡਤ ਜੀ ਨੇ ਉਸੇ ਵੇਲੇ ਇਹ ਦਿਤਾ ਕਿ ਈਸ਼੍ਵਰ ਆਪਣੇ ਆਪ ਵਿਚੋਂ ਕਿਥੋਂ ਕਰੇਗਾ ਕਿਉਂਕਿ ਉਹ ਨਿਰਾਕਾਰ ਹੈ ਕਿੰਤੂ ਚਾਰੇ ਪ੍ਰਮਾਣੂਆਂ ਤੇ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ॥

ਜਿਸ ਪਰ ਮੈਂ ਫਿਰ ਇਹ ਪ੍ਰਸ਼ਨ ਕੀਤਾ ਕਿ ਓਹ ਪ੍ਰਮਾਣੂ ਕਿਥੋਂ ਲਿਆਉਂਦਾ ਹੈ; ਜਿਨ੍ਹਾਂ ਨਾਲ ਜਗਤ ਰਚਦਾ ਹੈ ?

ਇਸ ਬਾਤ ਨੂੰ ਸੁਣਕੇ ਪੰਡਤ ਜੀ ਬੋਲੇ ਕਿ ਇਹ ਤ੍ਰਿਸ ਰੇਣੂ ਜੋ ਅਕਾਸ਼ ਵਿਚ ਭ੍ਰਮਣ ਕਰਦੇ ਦਿਖਾਈ ਦੇਂਦੇ ਹਨ ਇਨ੍ਹਾਂ ਨੂੰ ਹੀ ਆਪਸ ਵਿਚ ਮਿਲਾ ਮਿਲਾ ਦੁਅਣ ਅਤੇ ਤ੍ਰਿਅਣਕ ਬਣਾ ਕੇ ਜਗਤ ਦੀ ਰਚਨਾ ਕਰ ਦੇਂਦਾ ਹੈ॥

ਇਤਨਾ ਆਖਣ ਪਰ ਮੈਂ ਜਾਣ ਲੀਤਾ ਕਿ ਪੰਡਤ ਜੀ ਨੈਯਾਇਕ ਮਤ ਪਰ ਚਲਨਗੇ, ਜਿਸ ਦਾ ਉੱਤ੍ਰ ਮੈਂ ਏਹ ਪੁਛਿਆ ਕਿ ਪ੍ਰਮਾਣੂ ਕਿਤਨੇ ਹਨ ਜਿਨ੍ਹਾਂ ਤੇ ਇਹ ਪ੍ਰਪੰਚ ਬਨਦਾ ਹੈ, ਅਰ ਇਨ੍ਹਾਂ ਦੁਆਰੇ ਕਿਸ ਤਰ੍ਹਾਂ ਈਸ਼੍ਵਰ ਜਗਤ ਰਚਨਾ ਕਰ ਲੈਂਦਾ ਹੈ? ਇਸ ਦਾ ਕਰਮ ਖੋਲ੍ਹ ਕੇ ਦੱਸੋ॥

ਸੁਣਦੇ ਸਾਰ ਪੰਡਤ ਜੀ ਆਖਣ ਲੱਗੇ ਕਿ "ਅਕਾਸ਼ ਵਿਚ ਪ੍ਰਿਥਵੀ, ਜਲ ਅਤੇ ਵਾਯੂ ਦੇ ਪ੍ਰਮਾਣ ਸੂਖਮ ਰੂਪ ਹੋ ਕੇ ਫੈਲੇ ਹੋਏ ਭਰਮਨ ਕਰਦੇ ਸਨ ਜਿਨ੍ਹਾਂ ਨੂੰ ਈਸ਼ਵਰ ਨੇ ਅਪਣੀ ਸ਼ਕਤੀ ਦੁਵਾਰੇ ਜੁਦੇ ੨ ਮਿਲਾ ਦਿੱਤਾ ਇਨ੍ਹਾਂ ਤੋਂ ਫਿਰ ਯਥਾ ਕ੍ਰਮ ਇਹ ਸਥੂਲ ਬ੍ਰਹਮਾਂਡ ਉੱਤਪਤ ਹੋ ਗਿਆ। ਜੈਸਾ ਕਿ ਪ੍ਰਿਥਵੀ ਦੇ ਪ੍ਰਮਾਣੂਆਂ ਤੇ ਪ੍ਰਿਥਵੀ, ਜਲ ਦਿਆਂ ਤੇ ਜਲ ਅਗਨੀ ਦਿਆਂ ਪ੍ਰਮਾਣੂਆਂ ਤੇ ਅਗਨੀ ਅਤੇ ਵਾਯੂ ਦਿਆਂ ਪ੍ਰਮਾਣੂਆਂ ਤੇ ਵਾਯੂ ਹੋ ਗਈ। ਅੱਗੇ ਇਨ੍ਹਾਂ ਤੋਂ ਨਾਨਾ ਪ੍ਰਕਾਰ ਦੀ ਸ੍ਰਿਸ਼ਟੀ ਪੈਦਾ ਹੋ ਗਈ॥

ਮੈਂ ਇਸ ਕਥਨ ਨੂੰ ਸੁਣਕੇ ਇਹ ਪੁਛਿਆ ਕਿ ਇਨ੍ਹਾਂ ਚਾਰਾਂ ਤੱਤਾਂ ਦੇ ਪ੍ਰਮਾਣੂ ਅੱਗੇ ਹੀ ਬਣੇ ਹੋਏ ਸਨ ਕਿ ਇਨ੍ਹਾਂ ਨੂੰ ਹੀ ਈਸ਼ਵਰ ਨੇ ਰਚਿਆ ਸਾ, ਅਰਥਾਤ

 www.sikhbookclub.com

ਪ੍ਰਮਾਣੂ ਅਨਾਦੀ ਹਨ ਕਿ ਨਾਦੀ ਜਿਨ੍ਹਾਂ ਨਾਲ ਈਸ਼ਵਰ ਜਗਤ ਰਚਦਾ ਹੈ ?

ਤਦ ਹੱਸ ਕੇ ਆਖਣ ਲਗੇ ਕਿ "ਈਸ਼ਵਰ ਕੋਈ ਸਕਾਰ ਪਦਾਰਥ ਨਹੀਂ ਜੋ ਸਥੂਲ ਤੱਤਾਂ ਨੂੰ ਅਪਣੇ ਆਤਮਾ ਤੇ ਰਚਦਾ ਕਿੰਤੂ ਇਹ ਚਾਰੇ ਤੱਤਾਂ ਦੇ ਪ੍ਰਮਾਣੂ ਅੱਗੇ ਹੀ ਹਨ ਅਰ ਇਹ ਅਨਾਦੀ ਹਨ, ਜਿਸਤੇ ਈਸ਼ਵਰ ਨੇ ਇਨ੍ਹਾਂ ਨੂੰ ਪ੍ਰਸਪਰ ਮਿਲਾਕੇ ਜਗ ਰਚਨਾ ਕਰ ਲੀਤੀ ਹੈ॥

ਇਸ ਨੂੰ ਸੁਣ ਕੇ ਮੈਂ ਹੱਸ ਪਜਾ ਅਰ ਆਖਜਾ ਕਿ ਪੰਡਤ ਜੀ ਆਪ ਦੇ ਕਥਨ ਤੋਂ ਤਾਂ ਈਸ਼ਵਰ ਇਕ ਕਾਰੀਗਰ ਰਾਜ ਵਾਂਗ ਸਿੱਧ ਹੁੰਦਾ ਹੈ ਜਿਸ ਤਰ੍ਹਾਂ ਉਹ ਇੱਟਾਂ ਚੂਨਾ ਗਾਰਾ ਅਤੇ ਲਕੜੀ ਆਦਿਕ ਦਾ ਕਰਤਾ ਨਹੀਂ ਹੁੰਦਾ ਕਿੰਤੂ ਉਨ੍ਹਾਂ ਨੂੰ ਤਰਤੀਬ ਵਾਰ ਮਿਲਾ ਕੇ ਇੱਕ ਮਕਾਨ ਬਣਾ ਦੇਂਦਾ ਹੈ, ਇਸੀ ਤਰ੍ਹਾਂ ਈਸ਼ਵਰ ਦਾ ਭੀ ਹਾਲ ਹੈ, ਜੋ ਇਨ੍ਹਾਂ ਪ੍ਰਮਾਣੂਆਂ ਦਾ ਕਰਤਾ ਨਹੀਂ ਕਿੰਤੂ ਇਨ੍ਹਾਂ ਨੂੰ ਨਾਲ ਮਿਲਾ ਕੇ ਜਗਤ ਨੂੰ ਇਸ ਢਾਂਚੇ ਪਰ ਲਿਆਉਣ ਦੀ ਸ਼ਕਤੀ ਰੱਖਦਾ ਹੈ।

ਅਰਥਾਤ ਇਹ ਪੰਜੇ ਤੱਤ ਅੱਗੇ ਹੀ ਬਣੇ ਹੋਏ ਸਨ ਪਰ ਵਿਧੀ ਪੂਰਬਕ ਨਹੀਂ ਸੇ ਜਿਨ੍ਹਾਂ ਨੂੰ ਯਥਾਕ੍ਰਮ ਇਕੱਠੇ ਕਰਕੇ ਈਸ਼ਵਰ ਨੇ ਇਹ ਨਦੀਆਂ ਪਹਾੜ ਬ੍ਰਿਖ ਆਦਿਕ ਰਚਨਾ ਬਣਾ ਦਿਤੀਆਂ ਜਿਸ ਪਰ ਇਹ ਸਾਰੇ ਕਾਰੋਬਾਰ ਹੋਣ ਲਗ ਗਏ॥

ਆਪ ਦੇ ਕਥਨ ਤੇ ਤਾਂ ਈਸ਼ਵਰ ਇਕ ਬੁੱਢੀ ਵਰਗੀ ਬੁਧਿ ਰਖਦਾ ਹੈ ਕਿ ਜਿਸ ਤਰ੍ਹਾਂ ਉਹ ਆਟਾ ਚਾਵਲ ਦਾਲ ਸਾਗ ਪਾਤ ਆਦਿਕ ਜੋ ਅੱਗੇ ਹੀ ਬਣੇ ਹੋਏ ਹਨ ਉਨ੍ਹਾਂ ਨੂੰ ਚੌਂਕੇ ਵਿੱਚ ਕੱਠੇ ਕਰ ਕੇ ਫੁਲਕੇ ਅਰ ਪੁਲਾਉ ਬਣਾ ਧਰਦੀ ਹੈ ਇਸੇ ਤਰ੍ਹਾਂ ਈਸ਼ਵਰ ਨੇ ਭੀ ਇਹੋ ਕੰਮ ਕੀਤਾ, ਜੋ ਤੱਤਾਂ ਨੂੰ ਕੱਠੇ ਕਰਕੇ ਇਸ ਸ਼ਕਲ ਵਿਚ ਲੈ ਆਂਦਾ ਜਿਸ ਨੂੰ ਅਸੀਂ ਜਗਤ ਆਖਦੇ ਹਾਂ। ਇਸ ਤੇ ਇਹ ਸਾਬਤ ਹੁੰਦਾ ਹੈ ਕਿ ਪ੍ਰਮਾਣੂਆਂ ਦਾ ਨਾਉਂ ਜਗਤ ਨਹੀਂ ਹੈ ਕਿੰਤੂ ਪ੍ਰਮਾਣੂ ਭੀ ਇਕ ਈਸ਼ਵਰ ਦੀ ਤਰ੍ਹਾਂ ਜਗਤ ਦਾ ਕਾਰਨ ਹਨ॥

ਕਿੰਤੂ ਜੇ ਇਸ ਬਾਤ ਨੂੰ ਮੰਨ ਭੀ ਲਈਏ ਤਾਂ ਈਸ਼ਵਰ ਦੀ ਅਕਲ ਇਕ ਰਸੋਈ ਕਰਨ ਵਾਲੀ ਬੁੱਢੀ ਜਿਤਨੀ ਹੀ ਪ੍ਰਤੀਤ ਹੁੰਦੀ ਹੈ ਇਸ ਤੋਂ ਵਧ ਕੇ ਨਹੀਂ ਜਾਪਦੀ॥

ਮੇਰਾ ਇਤਨੇ ਆਖਨ ਪਰ ਪੰਡਤ ਜੀ ਕੁੱਛ ਗੁੱਸੇ ਹੋਏ ਅਤੇ ਕੁੱਝ ਹੱਸ ਪਏ ਫਿਰ ਅੱਗੇ ਇਹ ਉਚਰੇ ਕਿ "ਤੁਮ ਜੋ ਈਸ਼ਵਰ ਕੋ ਬੁੱਢੀ ਕੀ ਤੁਲਨਾ ਦੇਤੇ ਹੋ ਤੋ ਉਸ ਬੁੱਢੀ ਸੇ ਜਗਤ ਕੀ ਕੁਛ ਤੋਂ ਰਚਨਾ ਕਰਾਦੋ ਜਿਸ ਸੇ ਤੁਮਰਾ ਪੱਖ ਸਿੱਧ ਹੋ॥"

ਮੈਂ ਆਖਜਾ ਕਿ ਆਪ ਜੋ ਬੁੱਢੀ ਤੇ ਜਗਤ ਬਣਵਾਉਣਾ ਚਾਹੁੰਦੇ ਹੋ ਤਾਂ ਤੁਸੀਂ ਭੀ ਅਪਨੇ ਈਸ਼ਵਰ ਪਾਸੋਂ ਥੋੜ੍ਹਾ ਜੇਹਾ ਆਲੂਆਂ ਦਾ ਸਲੂਣਾ ਅਤੇ ਮਿੱਠਾ


www.sikhbookclub.com

ਪੁਲਾਉ ਤਾਂ ਬਣਵਾ ਦਿਓ॥

ਇਸ ਦਾ ਉੱਤ੍ਰ ਸਾਧੂ ਨੇ ਕੇਵਲ ਇਤਨਾ ਹੀ ਦਿੱਤਾ ਕਿ "ਕ੍ਯਾ ਈਸ਼ਵਰ ਸਕਾਰ ਹੈ ਜੋ ਰਸੋਈ ਬਨਾਏ?" ਮੈਂ ਕਿਹਾ ਕਿ "ਇਸੇ ਤਰ੍ਹਾਂ ਕ੍ਯਾ ਬੁੱਢੀ ਨਿਰਾਕਾਰ ਹੈ ਜੋ ਆਪ ਦੇ ਕਥਨਾ ਅਨੁਸਾਰ ਜਗਤ ਬਣਾਏ?" ਪ੍ਰੰਤੂ ਫਿਰ ਭੀ ਵਿਚਾਰੀ ਘਰ ਦੇ ਸਾਰੇ ਕੰਮ ਕਰਦੀ ਹੈ ਅਰ ਹੀਰਿਆਂ ਵਰਗੇ ਬੱਚੇ ਜਣਦੀ ਜੋ ਵੱਡੇ ਵੱਡੇ ਸੂਰਬੀਰ, ਪੰਡਤ ਅਤੇ ਹਠੀ, ਤਪੀ, ਜਤੀ ਸਤੀ ਹੋ ਕੇ ਸੰਸਾਰ ਪਰ ਅਪਣੇ ਨਾਮ ਸੂਰਜ ਦੀ ਤਰ੍ਹਾਂ ਪ੍ਰਕਾਸ਼ਤ ਕਰਦੇ ਹਨ। ਫਿਰ ਕ੍ਯਾ ਈਸ਼ਵਰ ਇਕ ਦੇਗਚੀ ਦਾਲ ਦੀ ਭੀ ਨਹੀਂ ਰਿੰਨ ਸਕਦਾ ਅਰ ਉਸ ਬੁੱਢੀ ਨਾਲੋਂ ਭੀ ਕੰਮ ਕਾਰ ਵਿਚ ਗਿਰ ਗਿਆ ਹੈ?

ਇਤਨੀ ਬਾਤ ਨੂੰ ਸੁਣਦੇ ਸਾਰ ਹੱਸ ਪਏ ਅਰ ਆਖਣ ਲੱਗੇ ਕਿ "ਭਾਈ ਹਮਾਰੇ ਈਸ਼ਵਰ ਸੇ ਤੋ ਚਾਵਲ ਨਹੀਂ ਪਕਾਏ ਜਾਤੇ; ਜਾਓ ਤੁਮਾਰੀ ਬੁੱਢੀਆ ਅੱਛੀ ਹੈ॥"

ਮੈਂ ਇਹ ਸਮਝ ਕੇ ਕਿ ਹੁਣ ਪੰਡਤ ਜੀ ਟਿਚਕਰਾਂ ਪਰ ਆ ਚੱਲੇ ਹਨ ਆਖ੍ਯਾ ਕਿ ਨਿਰਾਕਾਰ ਹੋ ਕੇ ਪਹਾੜ ਤਾਂ ਬਣਾ ਸਕਦਾ ਹੈ ਜੋ ਅਮਿਟ ਪ੍ਰਮਾਣ ਵਾਲੇ ਹਨ ਪਰ ਬੁੱਢੀਆਂ ਦੀ ਤਰ੍ਹਾਂ ਇਕ ਦੋ ਛਟਾਕਾਂ ਦਾ ਫੁਲਕਾ ਨਹੀਂ ਪਕਾ ਸਕਦਾ; ਇਸ ਵਿਚ ਆਪ ਦੀ ਕ੍ਯਾ ਯੁਕਤੀ ਹੈ?

ਇਤਨਾ ਸੁਣਕੇ ਕੁਛ ਘਬਰਾਏ ਅਰ ਇਹ ਦਾਉ ਖੇਲ੍ਯਾ ਜੋ ਮੁੜ ਕੇ ਫਿਰ ਪੁੱਛਣ ਲਗੇ ਕਿ "ਭਾਈ ਤੁਮਾਰਾ ਅਸਲੀ ਤਾਤਪ੍ਰਜ ਕ੍ਯਾ ਹੈ ਉਸ ਕੋ ਬਤਾਓ"

ਫਿਰ ਮੈਂ ਓਹੋ ਪੁਛਿਆ ਕਿ ਜਗਤ ਦਾ ਕਰਤਾ ਕੌਣ ਹੈ?

ਇਸ ਦਾ ਉੱਤ੍ਰ ਮੁੜ ਕੇ ਫੇਰ ਸਵਾਮੀ ਜੀ ਨੇ ਏਹੋ ਦਿਤਾ ਕਿ "ਹਮਨੇ ਤੋ ਪਹਿਲੇ ਬਤਾ ਦੀਆ ਕਿ ਈਸ਼ਵਰ ਹੈ ਫਿਰ ਕ੍ਯਾ ਪੂਛਤੇ ਹੋ?"

ਮੈਂ ਕਿਹਾ ਇਸ ਪਰ ਜੋ ਮੈਂ ਸ਼ੰਕਾ ਕੀਤੀਆਂ ਹਨ ਉਨ੍ਹਾਂ ਦਾ ਉੱਤ੍ਰ ਆਪਨੇ ਨਹੀਂ ਦਿਤਾ, ਆਪ ਦੇ ਕਥਨ ਤੇ ਤਾਂ ਇਹੋ ਪ੍ਰਤੀਤ ਹੁੰਦਾ ਹੈ ਜੋ ਈਸ਼ਵਰ ਪ੍ਰਿਥੀ ਜਲ ਆਦਿਕ ਤੱਤਾਂ ਦਾ ਕਰਤਾ ਨਹੀਂ ਹੈ, ਕਿੰਤੂ ਮਨੁੱਖ ਹਾਥੀ ਘੋੜੇ ਚਿੜੀਆਂ ਬਟੇਰਿਆਂ ਦਾ ਕਰਤਾ ਹੈ; ਸੋ ਕਿਆ ਇਹ ਸੱਚ ਹੈ ਜੋ ਈਸ਼ਵਰ ਅੱਧਾ ਕਰਤਾ ਹੈ ਅਰ ਅੱਧੇ ਕਰਤਾ ਪ੍ਰਮਾਣੂ ਹਨ, ਇਸ ਪਰ ਮੈਂ ਇਹ ਭੀ ਪੁੱਛਦਾ ਹਾਂ ਕਿ ਪ੍ਰਮਾਣੂ ਨਿੱਤ ਹਨ ਯਾ ਅਨਿੱਤ? ਇਸ ਦਾ ਉੱਤਰ ਇਹ ਦਿੱਤਾ ਕਿ ਨਿੱਤ। ਤਦ ਮੈਂ ਪ੍ਰਸ਼ਨ ਕੀਤਾ ਕਿ ਦਿਸਾ, ਕਾਲ ਅਤੇ ਆਤਮਾ ਨੂੰ ਆਪ ਨਿੱਤ ਮੰਨਦੇ ਹੋ ਯਾ ਅਨਿੱਤ? ਇਸ ਦਾ ਉੱਤ੍ਰ ਭੀ ਉਨ੍ਹਾਂ ਨੇ ਏਹੋ ਦਿੱਤਾ ਕਿ "ਇਹ ਸਭ ਵਸਤੂਆਂ ਨਿੱਤ ਹਨ"।

ਫਿਰ ਮੈਂ ਕਿਹਾ ਕਿ "ਈਸ਼੍ਵਰ ਦੇ ਨਾਲ ਸਾਰੇ ਇਹ ਭੀ ਅਨਾਦੀ ਅਤੇ ਜਗਤ ਦਾ ਕਰਤਾ ਹਨ ਫਿਰ ਈਸ਼੍ਵਰ ਸੁਤੰਤ੍ਰ ਕਰਤਾ ਨਹੀਂ ਹੈ ਕਿੰਤੂ ਪਰਤੰਤ੍ਰ ਹੈ॥


www.sikhbookclub.com

ਦੂਸਰਾ ਆਪ ਦੇ ਕਥਨ ਤੇ ਤਾਂ ਇਹ ਭੀ ਪਾਯਾ ਜਾਂਦਾ ਹੈ ਕਿ ਜਗਤ ਨਾਮ ਸਿਰਫ ਪਸ਼ੂ, ਪੰਖੀਆਂ ਅਰ ਮਨੁੱਖਾਂ ਆਦਿਕ ਵਸਤੂਆਂ ਦਾ ਹੈ, ਅਰ ਇਸ ਤੇ ਅੱਗੇ ਭੀ ਜੇ ਵਧ ਜਾਈਏ ਤਾਂ ਸਮੁੰਦਰ, ਪਹਾੜ, ਚੰਦ, ਸੂਰਜ ਅਤੇ ਤਾਰਾ ਗਣ ਅਰ ਬਨਸਪਤੀ ਦਾ ਨਾਮ ਸੱਦਿਆ ਜਾਏਗਾ ਪਰੰਤੂ ਪ੍ਰਮਾਣੂ ਅਤੇ ਅਕਾਸ਼ ਆਦਿਕ ਪਦਾਰਥਾਂ ਦਾ ਕਰਤਾ ਈਸ਼ਵਰ ਨਾ ਹੋਣ ਕਰਕੇ ਇਹ ਜਗਤ ਨਹੀਂ ਸੱਦੇ ਜਾਣਗੇ, ਅਰ ਜੇ ਇਨ੍ਹਾਂ ਨੂੰ ਭੀ ਜਗਤ ਆਖੋਗੇ ਤਾਂ ਇਨ੍ਹਾਂ ਦਾ ਕਰਤਾ ਕੋਈ ਹੋਰ ਮੰਨਣਾ ਪਏਗਾ, ਜਿਸ ਤੇ ਜਗਤ ਕਰਤਾ ਕੌਣ ਕਹਿਆ ਜਾਏ ਆਪ ਇਸ ਦਾ ਉੱਤ੍ਰ ਸੋਚ ਕੇ ਦੇਵੋ ਅਰ ਸੋਚੋ ਕਿ ਮੈਂ ਕਿਯਾ ਆਖਯਾ ਹੈ"?

ਮੇਰੀ ਇਤਨੀ ਬਾਤ ਨੂੰ ਸੁਣਦਿਆਂ ਕੁਛ ਤੰਗ ਜੇਹੇ ਹੋ ਕੇ ਬੋਲੇ ਕਿ "ਹਮ ਤੋ ਯਹੀ ਜਾਨਤੇ ਹੈਂ"।

ਮੈਂ ਕਹਿਆ ਕਿ "ਇਹ ਆਖਣਾ ਇਸ ਦਾ ਉੱਤ੍ਰ ਨਹੀਂ ਹੈ।"

ਫਿਰ ਗੁੱਸੇ ਹੋ ਕੇ ਆਖਣ ਲੱਗੇ ਕਿ "ਜਾਓ ਤੁਮ ਕਹਿ ਦੇਵੋ ਕਿ ਹਮ ਜੀਤ ਗਏ ਔਰ ਸਵਾਮੀ ਹਾਰ ਗਏ"।

ਜਿਸ ਪਰ ਮੈਂ ਆਖਯਾ ਕਿ ਕਹਣਾ ਕਯਾ ਹੈ ਇਹ ਤਾਂ "ਸੁੰਦਰ ਦਾਸ ਪ੍ਰਸਿੱਧਦਿਖਾਵਤ ਧਾਨ ਕਾ ਖੇਤ ਪਰਾਲੀ ਸੋ ਜਾਨੋ" ਵਾਲੀ ਬਾਤ ਸਭ ਨੂੰ ਪ੍ਰਤੀਤ ਹੁੰਦੀ ਹੈ॥

ਇਤਨੇ ਵਿਚ ਜਦ ਖਿਝ ਖਿਝਾਉ ਹੁੰਦਾ ਦੇਖਯਾ ਤਦ ਭਾਈ ਜਵਾਹਰ ਸਿੰਘ ਜੀ ਅਤੇ ਸਰਦਾਰ ਅਤਰ ਸਿੰਘ ਜੀ ਜ਼ੈਲਦਾਰ ਕਿਸ਼ਨਪੁਰਾ ਨੇ ਮੈਨੂੰ ਚੁੱਪ ਕਰਾ ਦਿਤਾ ਅਰ ਸੰਧਯਾ ਪੈ ਗਈ ਅਸੀਂ ਓਥੋਂ ਤੁਰ ਕੇ ਅਪਨੇ ਡੇਰੇ ਆ ਗਏ॥

ਪਹਿਲੇ ਦਿਨ ਦੀ ਚਰਚਾ ਥੋਂ ਸਾਨੂੰ ਇਹ ਪਤਾ ਲਗ ਗਿਆ ਕਿ ਇਹ ਸਾਧੂ ਭਾਵੇਂ ਵਿੱਦਯਾ ਤਾਂ ਪੜ੍ਹਿਆ ਹੋਇਆ ਹੈ ਪਰ ਇਸ ਨੂੰ ਅਨੁਭਵ ਨਹੀਂ ਹੈ ਸਿਰਫ ਲੀਕੋ ਲੀਕ ਚੱਲ ਰਿਹਾ ਹੈ, ਪਰ ਕਦੇ ਇਸ ਨਾਲ ਫਿਰ ਟਾਕਰਾ ਕਰਾਂਗੇ॥

### *ਦੂਸਰਾ ਸ਼ਾਸਤ੍ਰਾਰਥ*

ਦੋਹਿਰਾ—ਦਸਮ ਗੁਰੂ ਕਰਣਾ ਨਿਧੀ ਖਲ ਖੰਡਣ ਜਗਰਾਜ
ਸੋ ਸਦ ਹੀ ਨਿਜ ਹਾਥ ਦੇ ਰਾਖੇ ਬ੍ਰਿਦ ਕੀ ਲਾਜ॥੧॥
ਨਾਲ ਸਾਧ ਦੇ ਦੂਸਰਾ ਜੋ ਮੇਰਾ ਤਕਰਾਰ।
ਹੋਇਆ ਸੀ ਜੋ ਸੱਜਨੋਂ ਸੁਨੀਏ ਨਾਲ ਪਯਾਰ॥੨॥
ਵੇਦਾਂ ਨੂੰ ਸੀ ਆਖਦੇ ਹਨ ਈਸ਼ਵਰ ਦੇ ਵਾਕ।
ਉਸ ਦਾ ਖੰਡਨ ਮੈਂ ਕਰਿਆ ਖੋਲ੍ਹ ਭਰਮ ਦੇ ਤਾਕ॥੩॥



Page 19 www.sikhbookclub.com

ਭਾਵ—ਥੋੜੇ ਹੀ ਦਿਨਾਂ ਮਗਰੋਂ ਸਵਾਮੀ ਜੀ ਉਸ ਬਾਗ ਵਿਚੋਂ ਡਾਕਟਰ ਰਹੀਮ ਖਾਂ ਸਾਹਿਬ ਦੀ ਕੋਠੀ ਵਿਚ ਆ ਗਏ, ਅਰ ਉਹ ਕੋਠੀ ਹਸਪਤਾਲ ਦੇ ਪਿਛੇ ਸੀ ਜਿਥੇ ਅੱਜ ਕੱਲ "ਵੈਟਰੇਨਰੀ ਕਾਲਜ" ਅਰਥਾਤ ਘੋੜਿਆਂ ਦੇ ਇਲਾਜ ਦਾ ਮਦਰੱਸਾ ਹੈ॥

ਇਸ ਜਗ੍ਹਾ ਪਰ ਸੁਵਾਮੀ ਜੀ ਨੇ ਪ੍ਰਸ਼ਨ ਉੱਤਰ ਦਾ ਪ੍ਰਬੰਧ ਇਸ ਪ੍ਰਕਾਰ ਕੀਤਾ ਅਸੀਂ ਤਿੰਨ ਦਿਨ ਵੱਖਜਾਨ ਦਿਆ ਕਰਾਂਗੇ, ਅਰ ਚੌਥਾ ਦਿਨ ਲੋਗਾਂ ਦੇ ਪ੍ਰਸ਼ਨ ਉੱਤਰ ਵਾਸਤੇ ਰੱਖਜਾ ਜਾਏਗਾ, ਪਰੰਤੂ ਹਰ ਇਕ ਪ੍ਰਸ਼ਨ ਕਰਤਾ ਨੂੰ ਇਹ ਬਾਤ ਯਾਦ ਰੱਖਣੀ ਹੋਵੇਗੀ ਕਿ ਉਹ ਉਸੇ ਪ੍ਰਸੰਗ ਪਰ ਉੱਤਰ ਪ੍ਰਸ਼ਨ ਕਰ ਸਕਦਾ ਹੈ ਜਿਸ ਵਿਚ ਸਾਡਾ ਵੱਖਜਾਨ ਹੋਵੇਗਾ ਉਸ ਤੇ ਉਲੰਘ ਕੇ ਕੋਈ ਬਾਤ ਭੀ ਨਹੀਂ ਆਖ ਸਕੇਗਾ।

ਇਤਨੀ ਪ੍ਰਤੱਗਜਾ ਕਰਕੇ ਤਦ ਉਨ੍ਹਾਂ ਨੇ ਅਪਨਾ ਵੱਖਜਾਨ ਵੇਦਾਂ ਦੇ ਈਸ਼ਵਰੀਯ ਹੋਣ ਪਰ ਦੇਣਾ ਅਰੰਭ ਕੀਤਾ, ਅਰ ਲੋਗਾਂ ਪਰ ਇਹ ਸਾਬਤ ਕਰਨਾ ਚਾਹਿਆ ਕਿ ਵੇਦ ਪੌਰਖੇਜ ਅਰਥਾਤ ਮਨੁੱਖਾਂ ਦੇ ਕੀਤੇ ਹੋਏ ਨਹੀਂ ਕਿੰਤੂ ਈਸ਼ਵਰ ਰਚਤ ਹਨ ਜਿਸ ਤੇ ਇਨ੍ਹਾਂ ਨੂੰ ਈਸ਼ਵਰ ਦੀ ਬਾਣੀ ਸਮਝ ਕੇ ਮੰਨਣਾ ਜੋਗ ਹੈ ਅਤੇ ਇਹ ਈਸ਼ਵਰ ਦਾ ਗਜਾਨ ਹਨ।

ਅਪਣੇ ਇਸ ਕਥਨ ਦੇ ਸਿੱਧ ਕਰਨ ਲਈ ਉਨ੍ਹਾਂ ਨੇ ਇਹ ਯੁਕਤੀ ਕਥਨ ਕੀਤੀ ਜਿਸ ਨਾਲ ਉਹ ਸਾਬਤ ਕਰਨਾ ਚਾਹੁੰਦੇ ਸੇ ਕਿ ਵੇਦ ਮਨੁੱਖ ਰਚਤ ਨਹੀਂ, ਜਿਸ ਤੇ ਕਹਿਣ ਲੱਗੇ ਕਿ ਸ੍ਰਿਸ਼ਟੀ ਦੇ ਆਦਿਕਾਲ ਵਿਚ ਚਾਰ ਰਿਖੀ ਪੈਦਾ ਹੋਏ ਸਨ ਜਿਨ੍ਹਾਂ ਦੇ ਅਗਨੀ, ਵਾਯੂ, ਆਦਿਤ ਅਤੇ ਅੰਗਰਾ ਨਾਮ ਸਨ, ਅਰ ਇਨ੍ਹਾਂ ਹੀ ਚਾਰ ਰਿਖੀਆਂ ਦੁਆਰੇ ਈਸ਼ਵਰ ਨੇ ਵੇਦਾਂ ਨੂੰ ਰਚਜਾ ਹੈ। ਚਾਰੇ ਰਿਖੀਆਂ ਨੂੰ ਜੋ ਜੋ ਈਸ਼ਵਰ ਦਾ ਗਜਾਨ ਉਤਰਦਾ ਰਿਹਾ ਸੋਈ ਉਹ ਅਪਣੇ ਅਨੁਭਵ ਦੁਆਰਾ ਇਕੱਤ੍ਰ ਕਰਦੇ ਰਹੇ, ਜਿਸ ਤੇ ਇਹ ਚਾਰੇ ਵੇਦ ਬਣ ਗਏ।

ਸੁਵਾਮੀ ਜੀ ਦਾ ਇਹ ਕਥਨ ਭਾਵੇਂ ਕੋਈ ਨਵੀਂ ਬਾਤ ਨਹੀਂ ਸੀ, ਕਿਉਂਕਿ ਮਨੂੰਸਿੰਮ੍ਰਤੀ ਦੇ ਪਹਿਲੇ ਅਧਜਾਇ ਵਿਚ ਮਨੂੰ ਜੀ ਨੇ ਭੀ ਏਹੋ ਕਥਨ ਕੀਤਾ ਹੈ, ਹਾਂ ਮਨੂੰਸਿੰਮ੍ਰਤੀ ਨਾਲੋਂ ਸੁਵਾਮੀ ਦੇ ਕਥਨ ਦਾ ਇਤਨਾ ਵਿਰੋਧ ਜ਼ਰੂਰ ਹੈ ਜੋ ਮਨੂੰਜੀ ਤਿੰਨ ਵੇਦ ਆਖਦੇ ਹਨ ਅਤੇ ਸਾਧੂ ਜੀ ਨੇ ਚਾਰ ਕਥਨ ਕੀਤੇ ਹਨ, ਪ੍ਰੰਤੂ ਸਾਧੂ ਜੀ ਦਾ ਇਹ ਕਥਨ ਨਵਾਂ ਇਸ ਵਾਸਤੇ ਪਰਤੀਤ ਹੁੰਦਾ ਸੀ, ਜੋ ਉਸ ਸਮਜ ਪੰਜਾਬ ਵਿਚ ਇਤਨਾ ਵਿਦਜਾ ਦਾ ਪ੍ਰਚਾਰ ਨਹੀਂ ਸਾ। ਜੇਹਾ ਕੁ ਅੱਜ ਕੱਲ, ਇਸ ਵਾਸਤੇ ਲੋਗਾਂ ਨੂੰ ਇਹ ਖਜਾਲ ਇਕ ਨਵਾਂ ਪ੍ਰਤੀਤ ਹੁੰਦਾ ਸਾ ਜਿਸ ਤੇ ਆਖਦੇ ਸਨ ਕਿ ਵੇਖੋ ਜੀ ਸੁਵਾਮੀ ਮਹਾਰਾਜ ਕੈਸੇ ਵਿਦਵਾਨ ਹਨ ਜੋ ਵੇਦਾਂ ਦਾ ਇਲਹਾਮ ਚਾਰ ਰਿਖੀਆਂ ਪਰ ਉਤਰਿਆ ਦਸਦੇ ਹਨ ਅਤੇ ਅੱਜ ਤਕ ਸਭ ਲੋਗ ਭੂਲੇ ਹੋਏ


www.sikhbookclub.com

ਸੇ ਜੋ ਬ੍ਰਹਮਾ ਨੂੰ ਹੀ ਵੇਦਾਂ ਦਾ ਕਰਤਾ ਮੰਨਦੇ ਸਨ, ਕਿਉਂਕਿ ਲੋਗਾਂ ਨੂੰ ਇਹ ਖ਼ਬਰ ਨਹੀਂ ਸੀ ਕਿ ਬ੍ਰਹਮਾ ਨੂੰ ਹੀ "ਹਿਰਨ ਗਰਭ" ਆਖ ਕੇ ਮਨੂੰ ਜੀ ਨੇ ਭੀ ਵੇਦਾਂ ਦਾ ਕਰਤਾ ਵਰਨਣ ਕੀਤਾ ਹੈ।

**ਦੋਹਿਰਾ—ਜਿਵੇਂ ਭੜੋਲਾ ਚੌਧਰੀ ਉੱਜੜ ਖੇੜੇ ਵਿੱਚ।**
**ਤਿਉ ਵਿਦਯਾ ਤੇ ਹੀਨ ਨਰ ਲਏ ਸੁਵਾਮੀ ਖਿੱਚ॥੪॥**
**ਵਾਹਿ ਵਾਹਿ ਸਭ ਕਹਿ ਰਹੇ ਅਰ ਕਰਕੇ ਵਿਸਵਾਸ।**
**ਆਖਨ ਉਤਰੇ ਵੇਦ ਸਨ ਚਾਰੇ ਰਿਖੀਆਂ ਪਾਸ॥੫॥**
**ਦਿਵਸ ਤਿੰਨ ਪੂਰੇ ਭਏ ਦਿੰਦਜਾਂ ਜਦ ਵਖਜਾਨ।**
**ਚੌਥੇ ਦਿਨ ਦੇ ਵਾਸਤੇ ਲੱਗੇ ਏਹ ਸੁਣਾਨ॥੬॥**
**ਚੌਪਈ—ਸਭਨਾਂ ਨੂੰ ਇਹ ਕਿਹਾ ਸੁਨਾਇ।**
**ਜਿਸ ਨੂੰ ਸੰਸਾ ਇਸ ਵਿਚ ਕਾਇ॥**
**ਸੋ ਹੋਕਰ ਮਨ ਵਿੱਚ ਕਰਾਰਾ।**
**ਸੁਵਾਮੀ ਢਿਗ ਆ ਕਰੇ ਉਚਾਰਾ॥**
**ਭਲਕੇ ਪੰਜ ਬਜੇ ਦੇ ਨਾਲ।**
**ਉੜ੍ਹ ਪ੍ਰਸ਼ਨ ਕਰੇ ਸੰਭਾਲ॥**
**ਪਰ ਉਹ ਹੋਕਰ ਆਏ ਤਕੜਾ।**
**ਯੁਕਤੀ ਵਿਚ ਨਾ ਜਾਏ ਪਕੜਾ॥**
**ਨਾਲ ਸੁਵਾਮੀ ਕਰਨੀ ਗੱਲ।**
**ਵੱਡੀ ਮਾਰਨੀ ਹੈ ਇਕ ਮੱਲ॥**
**ਵਡੇ ਵਡੇ ਪੰਡਤ ਜੋ ਗਹਰੇ।**
**ਇਸਦੇ ਸਨਮੁਖ ਕੋਇ ਨ ਠਹਰੇ॥**
**ਸਭ ਡਰ ਜਾਂਦੇ ਇਸ ਦੇ ਅੱਗੇ।**
**ਸ਼ੇਰ ਦੇਖ ਜਿਉਂ ਕੰਬਣ ਵੱਗੇ॥**
**ਇਸ ਤਰ੍ਹਾਂ ਦਾ ਚਰਚਾ ਹੋਇਆ।**
**ਸਭ ਨੇ ਧੀਰਜ ਮਨ ਦਾ ਖੋਇਆ॥੭॥**

ਭਾਵ—ਤੀਸਰੇ ਦਿਨ ਸੰਧਯਾ ਵੇਲੇ ਵੱਖਯਾਨ ਬੰਦ ਕਰਕੇ ਆਖਯਾ ਕਿ ਜਿਸ ਪੁਰਖ ਨੂੰ ਇਸ ਵਿਚ ਕੁਝ ਸ਼ੰਕਾ ਹੈ ਸੋ ਉੱਤਰ ਪ੍ਰਸ਼ਨ ਕੱਲ ਨੂੰ ਏਸੇ ਵੇਲੇ ਆ ਕੇ ਕਰ ਸਕਦਾ ਹੈ। ਇਤਨਾ ਸੁਣਕੇ ਸਾਰੇ ਲੋਗ ਆਪੋ ਆਪਣੇ ਘਰਾਂ ਨੂੰ ਚਲੇ ਗਏ, ਅਤੇ ਮੈਂ ਭੀ ਆਪਣੇ ਸੱਜਣਾਂ ਸਮੇਤ ਡੇਰੇ ਆਇਆ॥

ਉਸ ਸਮਯ ਬੈਠ ਕੇ ਬਾਤਾਂ ਕਰਦੇ ਕਰਦੇ ਭਾਈ ਜਵਾਹਰ ਸਿੰਘ ਸਾਹਿਬ ਨੇ



SIKHBOOKCLUB.COM
Page 21 www.sikhbookclub.com

ਮੈਨੂੰ ਆਖਯਾ ਕਿ ਅੱਛਾ ਹੋਵੇ ਜੇ ਤੁਸੀਂ ਇਸ ਸਾਧੂ ਨਾਲ ਉਤਰ ਪ੍ਰਸ਼ਨ ਕਰੋ ਅਤੇ ਇਸ ਦੇ ਪੱਖ ਦਾ ਖੰਡਨ ਕਰੋ, ਜਿਸ ਨੂੰ ਸੁਣ ਕੇ ਮੈਂ ਅੰਗੀਕਾਰ ਕੀਤਾ ਅਤੇ ਆਖਯਾ ਕਿ ਕੱਲ ਨੂੰ ਜ਼ਰੂਰ ਇਨ੍ਹਾਂ ਨਾਲ ਪ੍ਰਸ਼ਨ ਉੱਤਰ ਕਰਾਂਗਾ॥

**ਦੋਹਿਰਾ**

**ਭਾਈ ਸਾਹਿਬ ਨੇ ਕਹੀ ਸੁਨੋ ਮੀਤ ਮਨ ਲਾਇ।**
**ਨਾਲ ਸਾਧ ਦੇ ਬੋਲਨਾ ਸੌਖੀ ਬਾਤ ਨ ਕਾਇ॥੮॥**

ਭਾਵ—ਭਾਈ ਜਵਾਹਰ ਸਿੰਘ ਜੀ ਹੁਰਾਂ ਨੇ ਮੇਰੇ ਇਸ ਇਕਰਾਰ ਨੂੰ ਸੁਣਕੇ ਆਖਯਾ ਕਿ ਪ੍ਰਸ਼ਨ ਉੱਤਰ ਕਰਨਾ ਤਾਂ ਕੋਈ ਵੱਡੀ ਬਾਤ ਨਹੀਂ ਹੈ ਪਰੰਤੂ ਇਸ ਸਾਧੂ ਨੂੰ ਰੋਜ਼ ਦੇ ਬੋਲਣ ਕਰਕੇ ਪੂਰਾ ਪੂਰਾ ਅਭ੍ਯਾਸ ਹੋ ਰਿਹਾ ਹੈ ਅਰ ਚਰਚਾ ਦਾ ਢੰਗ ਚੰਗਾ ਜਾਣਦਾ ਹੈ, ਇਸ ਵਾਸਤੇ ਤੁਸੀਂ ਇਤਨਾ ਯਾਦ ਰਖਣਾ ਕਿ ਕਿਤੇ ਤੁਹਾਨੂੰ ਵੇਦਾਂ ਦੇ ਚੱਕਰ ਵਿਚ ਨਾ ਲੈ ਆਵੇ ਕਿਉਂਕਿ ਤੁਸੀਂ ਦੇਖਦੇ ਹੋ ਜੋ ਉਨ੍ਹਾਂ ਦੇ ਬੋਲਣੇ ਵਿਚ ਕਿਸ ਤਰ੍ਹਾਂ ਦੇ ਦਾਓ ਪੇਚ ਹੁੰਦੇ ਹਨ॥

**ਦੋਹਿਰਾ—ਤਦ ਮੈਂ ਹਸ ਕੇ ਆਖਯਾ ਮੈਨੂੰ ਡਰ ਨਾ ਕੁੱਝ।**
**ਸਾਰੀ ਘੁੰਡੀ ਓਸ ਦੀ ਮੈਂ ਲੀਤੀ ਹੈ ਬੁੱਝ॥੯॥**

ਭਾਵ—ਮੈਨੂੰ ਰਤਨ ਚੰਦ ਦੇ ਬਾਗ ਵਾਲਾ ਝਗੜਾ ਅਰ ਤਿੰਨ ਦਿਨਾਂ ਦਾ ਇਹ ਵੱਖਯਾਨ ਸੁਣਕੇ ਇਤਨਾ ਮਾਲੂਮ ਹੋ ਗਿਆ ਸਾ ਕਿ ਇਹ ਇਸ ਤਰ੍ਹਾਂ ਉਖੇੜਾਂ ਮਾਰਦੇ ਹਨ, ਅਰ ਅਪਨੇ ਪ੍ਰਤਿ ਪੱਖੀ ਨੂੰ ਕਈ ਤਰ੍ਹਾਂ ਦੀਆਂ ਬਾਤਾਂ ਨਾਲ ਚੱਕ੍ਰਤ ਕਰ ਦੇਂਦੇ ਹਨ, ਜਿਸ ਤੇ ਭਾਈ ਸਾਹਿਬ ਨੂੰ ਆਖਯਾ ਕਿ ਆਪ ਉਸ ਵੇਲੇ ਖੁਦ ਦੇਖੋਗੇ ਜੋ ਕਯਾ ਰੰਗ ਖਿਲੇਗਾ, ਅਰ ਮੈਂ ਆਸ਼ਾ ਰਖਦਾ ਹਾਂ ਕਿ ਉਹ ਮੇਰੇ ਪ੍ਰਸ਼ਨਾਂ ਦੇ ਉੱਤਰ ਨਹੀਂ ਦੇ ਸਕਣਗੇ, ਇਤਨਾ ਵਿਚਾਰ ਕਰਕੇ ਸਾਰੇ ਆਪੋ ਆਪਣੇ ਸਥਾਨਾਂ ਪਰ ਪਧਾਰ ਗਏ॥

ਰਾਤ ਵੇਲੇ ਬੈਠਕੇ ਮੈਂ ਆਪਨੇ ਚਿੱਤ ਵਿੱਚ ਪ੍ਰਸ਼ਨ ਘੜਨ ਲੱਗਾ ਅਰ ਜੋ ਉਸ ਸਮਯ ਵਿਚ ਯਾਦ ਆਏ ਸੋ ਕਾਗਤ ਪਰ ਨੰਬਰ ਵਾਰ ਲਿਖ ਲੀਤੇ ਅਤੇ ਸੌਂ ਗਿਆ, ਫਿਰ ਪ੍ਰਾਤਾਕਾਲ ਉਠਕੇ ਸਾਰੇ ਸਾਰੇ ਖਯਾਲ ਜੋ ਪੁੱਛਨੇ ਸਨ ਚੰਗੀ ਤਰ੍ਹਾਂ ਲਿਖ ਲੀਤੇ ਅਰ ਆਪਣੇ ਆਪ ਨੂੰ ਤਿਆਰ ਕਰ ਲੀਤਾ॥

ਜਦ ਸੰਧਯਾ ਪਈ ਤਦ ਪੂਰੇ ਵਕਤ ਪਰ ਸੁਵਾਮੀ ਜੀ ਦੇ ਡੇਰੇ ਪਰ ਪਹੁੰਚੇ ਅਰ ਅੱਗੇ ਕਯਾ ਦੇਖਯਾ ਜੋ ਮੈਦਾਨ ਵਿਚ ਦਰੀਆਂ ਵਿਛੀਆਂ ਹੋਈਆਂ ਹਨ ਜਿਸ ਦੇ ਵਿਚਕਾਰ ਇਕ ਮੇਜ਼ ਅਰ ਉਸਦੇ ਆਹਮੋ ਸਾਮ੍ਹਣੇ ਦੋ ਕੁਰਸੀਆਂ ਡੱਠੀਆਂ ਹੋਈਆਂ ਖਾਲੀ ਪਈਆਂ ਹਨ, ਹੋਰ ਬਹੁਤ ਸਾਰੇ ਲੋਗ ਆ ਕੇ ਦਰੀਆਂ ਪਰ ਬੈਠਦੇ ਜਾਂਦੇ ਸਨ, ਜਿਸ ਤੇ ਥੋੜੇ ਹੀ ਅਰਸੇ ਵਿਚ ਬਹੁਤ ਆਦਮੀ ਕੱਠੇ ਹੋ ਗਏ ਅਤੇ ਦੇਖ ਰਹੇ ਸਨ ਕਿ ਪੰਡਤ ਜੀ ਕਦੋਂ ਆਉਂਦੇ ਹਨ॥

ਇਤਨੇਂ ਚਿਰ ਵਿਚ ਸਾਧੂ ਜੀ ਆਇ ਗਏ ਜਿਨ੍ਹਾਂ ਨੂੰ ਦੇਖਕੇ ਲੋਗਾਂ ਨੇ ਤਾਲੀਆਂ ਬਜਾਈਆਂ ਅਤੇ ਉਹ ਆਕੇ ਕੁਰਸੀ ਪਰ ਬੈਠ ਗਏ, ਅਤੇ ਬੈਠਦੇ ਸਾਰ ਹੀ ਮੁਖਾਰਬਿੰਦ ਤੇ ਇਹ ਕਥਨ ਕੀਤਾ ਕਿ ਜਿਸ ਕਿਸੇ ਨੂੰ ਸਾਡੇ ਵਖਯਾਨ ਵਿਚ ਕੁਛ ਸੰਸਜ ਹੈ ਉਹ ਉਠ ਕੇ ਕੁਰਸੀ ਪਰ ਬੈਠ ਜਾਏ ਅਰ ਪ੍ਰਸ਼ਨ ਕਰੇ, ਪ੍ਰੰਤੂ ਉਸ ਨੂੰ ਯਾਦ ਰਖਣਾ ਚਾਹੀਦੇ ਕਿ ਜੋ ਹਾਰ ਜਾਏਗਾ ਉਸ ਨੂੰ ਕੁਰਸੀ ਤੇ ਉਤਰ ਕੇ ਹੇਠਾਂ ਬੈਠਣਾ ਪਏਗਾ॥

ਦੋਹਿਰਾ

ਏਸ ਬਾਤ ਨੂੰ ਸੁਨਦਿਆਂ ਕੰਬ ਗਏ ਸਭ ਲੋਗ।
ਕੁਰਸੀ ਉੱਤੋਂ ਹਾਰਕੇ ਗਿਰਨਾ ਜਾਣ ਅਜੋਗ॥੧੦॥
ਬਿੜ੍ਹ ਬਿੜ੍ਹ ਸਨ ਦੇਖਦੇ ਇਕ ਦੂਜੇ ਦੇ ਵੱਲ।
ਸਨਮੁਖ ਹੋ ਕੇ ਸਾਧ ਦੇ ਕਰੇ ਨ ਕੋਈ ਗੱਲ॥੧੧॥
ਪਰ ਇਕ ਮੁਸਲਮਾਨ ਸੀ ਪੜ੍ਹਿਆ ਖ਼ੂਬ ਕੁਰਾਨ।
ਤਿਨ ਇਲਹਾਮੀ ਵੇਦ ਪਰ ਚਾਹੀ ਤਰਕ ਉਠਾਣ॥੧੨॥
ਚੌਪਈ—ਇਤਵਲ ਸੁਵਾਮੀ ਮੋਟਾ ਭਾਰਾ।
ਉਤ ਉਹ ਪਤਲਾ ਮੀਆਂ ਵਿਚਾਰਾ॥
ਜਦ ਕੁਰਸੀ ਪਰ ਬੈਠਾ ਆਕੇ।
ਕੰਬਣ ਲੱਗਾ ਅਤਿ ਡਰ ਖਾਕੇ॥
ਕੁਰਸੀ ਪਰ ਬੈਠਣ ਦੇ ਵੇਲੇ।
ਕੰਬਿਆ ਪੌਣ ਨਾਲ ਜਿਉਂ ਕੇਲੇ॥
ਹੇਠਾਂ ਲੱਤਾਂ ਥਰ ਥਰ ਡਰਸਣ।
ਉਪਰ ਹੱਥ ਨਿਰਤ ਸੀ ਕਰਸਨ॥
ਅੱਖਾਂ ਅਗੇ ਧੁੰਦ ਮਚਾਈ।
ਐਸੀ ਉਸਨੂੰ ਦਹਸ਼ਤ ਆਈ॥
ਏਧਰ ਸੁਵਾਮੀ ਉਚ ਪੁਕਾਰੇ।
ਕਿਉਂ ਕਾਂਪਤ ਹੋ ਬਨੋ ਕਰਾਰੇ॥
ਸਾਬਧਾਨ ਹੋਕਰ ਮੁਖ ਬੋਲੋ।
ਅਪਨੇ ਮਨ ਦਾ ਪੜਦਾ ਖੋਲੋ।
ਕਜਾ ਸ਼ੰਕਾ ਹੈ ਤੁਮਾਰੀ ਭਾਖੋ।
ਗੋਪ ਨ ਹਮਰੇ ਆਗੇ ਰਾਖੋ॥੧੩॥
ਦੋਹਿਰਾ—ਕਹੀ ਮੌਲਵੀ ਡਰਦਿਆਂ, ਵੇਦ ਨਹੀਂ ਇਲਹਾਮ।

**ਜਿਸਤੇ ਰਚਨਾ ਇਨ੍ਹਾ ਦੀ, ਅਹੇ ਪੁਰਖ ਕੋ ਕਾਮ॥੧੪॥**

ਭਾਵ—ਉਸ ਮੌਲਵੀ ਦੇ ਦਿਲ ਵਿਚ ਕੁਛ ਐਸਾ ਭੈਅ ਬੈਠ ਗਿਆ ਜੋ ਅੱਛੀ ਤਰ੍ਹਾਂ ਬੋਲ ਭੀ ਨਹੀਂ ਸਕਦਾ ਸੀ ਅਰ ਓੜਕ ਨੂੰ ਜਦ ਬੋਲਜਾ ਤਦ ਏਹੋ ਆਖੀ ਕਿ ਵੈਦ ਇਲਹਾਮੀ ਨਹੀਂ ਹਨ, ਕਿਉਂਕਿ ਇਹ ਆਦਮੀਆਂ ਦੇ ਬਣਾਏ ਹੋਏ ਹਨ॥

**ਦੋਹਿਰਾ—ਬਾਤ ਮੌਲਵੀ ਦੀ ਸੁਨੀ, ਜਦੋਂ ਸਾਧ ਨੇ ਏਹ॥**

**ਨਾਲ ਮਖ਼ੌਲ ਉਡਾਇਆ ਕੰਬੀ ਜਿਸਦੀ ਦੇਹ॥੧੫॥**

ਭਾਵ—ਜਦ ਉਸ ਮੌਲਵੀ ਦੀ ਇਤਨੀ ਬਾਤ ਸੁਣੀ ਤਦ ਸਾਧੂ ਦਯਾਨੰਦ ਜੀ ਨੇ ਉਸਥੋਂ ਇਸ ਤਰ੍ਹਾਂ ਪੁਛਿਆ ਜਿਸਤੇ ਉਹ ਸ਼ਰਮਿੰਦਾ ਹੋ ਕੇ ਕੰਬਣ ਲਗ ਗਿਆ। ਯਥਾ—

ਸਾਧੂ—ਤੁਮ੍ਹਾਰੇ ਮਤ ਮੇਂ ਜਗਤ ਕੋ ਕੌਨ ਬਨਾਤਾ ਹੈ ?

ਮੌਲਵੀ—ਹਮਾਰੀ ਦੀਨੀ ਕਤਾਬ ਮੇਂ ਸਭ ਕਾ ਪੈਦਾ ਕਰਤਾ ਖ਼ੁਦਾ ਬਤਲਾਇਆ ਹੈ।

ਸਾਧੂ—ਤੁਮਕੋ ਇਸ ਦੁਨੀਆਂ ਮੇਂ ਕਿਸਨੇ ਉਤਪੰਨ ਕੀਆ ?

ਮੌਲਵੀ—ਖ਼ੁਦਾ ਨੇ।

ਸਾਧੂ—ਤੁਮਾਰੇ ਸ਼ਰੀਰ ਕੋ ਸੁਖ ਵ ਦੁਖ ਕੌਨ ਦੇਤਾ ਹੈ ?

ਮੌਲਵੀ—ਖ਼ੁਦਾ।

ਸਾਧੂ—ਤੁਮਕੋ ਚਲਾਤਾ ਫਿਰਾਤਾ ਕੌਨ ਹੈ ?

ਮੌਲਵੀ—ਖ਼ੁਦਾ।

ਸਾਧੂ—ਫਿਰ ਬੁਰੇ ਕਾਮੋਂ ਕਾ ਕਰਾਨੇ ਵਾਲਾ ਤੋ ਖ਼ੁਦਾ ਨਾ ਹੂਆ ਜਿਸ ਤੋ ਤੁਮ੍ਹਾਰਾ ਯਹ ਕਹਿਨਾ ਕਿ ਉਸ ਕੀ ਆਗਯਾ ਸੇ ਬਿਨਾਂ ਏਕ ਜ਼ੱਰਰਾ ਭੀ ਨਹੀਂ ਹਿਲਤਾ ਸੋ ਮਿੱਥਯਾ ਹੂਆ ?

ਮੌਲਵੀ—ਘਬਰਾ ਕਰ ਕਹਨੇ ਲਗਾ ਕਿ ਮੇਰਾ ਮਤਲਬ ਯਹ ਹੈ ਕਿ ਜੋ ਕੁਛ ਹਮ ਕਰਤੇ ਹੈਂ ਸੋ ਖ਼ੁਦਾ ਹੀ ਹਮ ਸੇ ਕਰਾਤਾ ਹੈ।

ਸਾਧੂ—ਯਹ ਤੋ ਵਹੀ ਬਾਤ ਹੈ ਪ੍ਰੰਤੂ ਹਮ ਦੁਰਜਨ ਤੋਸ਼ ਨਯਾਇ ਸੇ ਜੋ ਮਾਨ ਭੀ ਲੇਂ ਤੋ ਭੀ ਹਮ ਕੋ ਬਤਾਓ ਜੋ ਤੁਮ ਕੋ ਚਲਾਤਾ ਫਿਰਾਤਾ ਕੌਨ ਹੈ ?

ਮੌਲਵੀ—ਖ਼ੁਦਾ।

ਸਾਧੂ—ਤੁਮ ਕੋ ਖਲਾਤਾ ਪਲਾਤਾ ਕੌਣ ਹੈ ?

ਮੌਲਵੀ—ਖ਼ੁਦਾ।



 www.sikhbookclub.com

ਸਾਧੂ—ਮਾਲੂਮ ਹੋਤਾ ਹੈ ਕਿ ਖ਼ੁਦਾ ਤੁਮ ਕੋ ਏਕ ਖ਼ਿਦਮਤਗਾਰ ਮਿਲ ਗਿਆ ਹੈ ਜੋ ਤੁਮ੍ਹਾਰੀ ਇਸ ਤਰ੍ਹਾਂ ਖ਼ਿਦਮਤ ਕਰਤਾ ਹੈ, ਖ਼ੈਰ ਤੁਮ ਯਹ ਤੋ ਬਤਾਓ ਕਿ ਤੁਮ ਕੋ ਕਪੜੇ ਕੌਨ ਪਹਰਾਤਾ ਹੈ ?

ਮੌਲਵੀ—ਖ਼ੁਦਾ।

ਸਾਧੂ—ਤੁਮ ਕੋ ਹਗਾਤਾ ਕੌਨ ਹੈ ?

ਮੌਲਵੀ ਚੁਪ।

ਸਾਧੂ—ਕਹ ਦੋ ਕਿ ਖ਼ੁਦਾ॥

**ਦੋਹਿਰਾ—ਜਦ ਇਹ ਆਖੀ ਸਾਧ ਨੇ, ਉਸ ਨੂੰ ਖ਼ੂਬ ਸੁਨਾਇ।**
**ਸੁਨਨੇ ਹਾਰੇ ਸਰਬ ਹੀ, ਹੱਸੇ ਖਿੜ ਖਿੜਰਾਇ॥੧੬॥**

ਭਾਵ—ਜਦ ਇਸ ਮਖੌਲ ਵਾਲੀ ਬਾਤ ਨੂੰ ਸਭ ਲੋਗਾਂ ਨੇ ਸੁਣਿਆ ਤਦ ਸਾਰੇ ਖਿੜ ਖਿੜਾ ਹੱਸ ਪਏ ਅਰ ਸੁਵਾਮੀ ਜੀ ਨੇ ਜਦ ਦੂਜੀ ਵੇਰ ਉਸ ਦੀ ਵੱਲ ਤੱਕ ਕੇ ਕਿਹਾ ਕਿ "ਕਹਿ ਦੋ ਖ਼ੁਦਾ" ਇਸ ਪਰ ਲੋਗਾਂ ਨੇ ਤਾਲੀਆਂ ਮਾਰੀਆਂ ਅਰ ਉਹ ਸ਼ਰਮਿੰਦਾ ਹੋ ਗਿਆ, ਜਿਸ ਨੂੰ ਫਿਰ ਆਖਯਾ ਕਿ ਕੁਰਸੀ ਤੇ ਹੇਠ ਉਤਰ ਜਾਓ ਤੁਮ ਕੋ ਕੁਛ ਨਹੀਂ ਆਤਾ। ਤਦ ਉਹ ਬੇਸ਼ਰਮ ਹੋ ਕੇ ਦਰੀ ਪਰ ਹੋ ਬੈਠਾ।

**ਦੋਹਿਰਾ—ਖਾਲੀ ਕੁਰਸੀ ਹੋ ਗਈ ਕਿਹਾ ਸਾਧ ਨੇ ਫੇਰ।**
**ਆਓ ਕੋਈ ਹੋਰ ਹੁਣ ਮਨ ਵਿਚ ਹੋਇ ਦਲੇਰ॥੧੭॥**

ਭਾਵ—ਜਦ ਉਹ ਸ਼ਰਮ ਖਾਕੇ ਹੇਠਾਂ ਬੈਠਾ ਤਦ ਦਯਾਨੰਦ ਜੀ ਨੇ ਫਿਰ ਉੱਚੀ ਅਵਾਜ਼ ਨਾਲ ਕਹਿਆ ਕਿ ਹੁਣ ਕੋਈ ਹੋਰ ਉਠੋ, ਜਿਸ ਪਰ ਇਕ ਲਾਹੌਰੀ ਪੰਡਤ ਮੱਥੇ ਨੂੰ ਵੱਡੇ ਟਿੱਕੇ ਲਗਾਏ ਹੋਏ ਉਠਯਾ ਅਰ ਬੈਠ ਕੇ ਸੰਸਕ੍ਰਿਤ ਵਿਚ ਬੋਲਣ ਲੱਗਾ ਜਿਸ ਨੂੰ ਸਾਧੂ ਜੀ ਨੇ ਆਖਿਆ ਕਿ ਤੁਮ ਸੰਸਕ੍ਰਿਤ ਨਹੀਂ ਬੋਲ ਸਕੋਗੇ, ਇਸ ਲੀਏ ਭਾਸ਼ਾ ਮੇਂ ਬੋਲੋਂ, ਇਤਨੀ ਬਾਤ ਪਰ ਹੀ ਉਹ ਭੀ ਸ਼ਰਮਿੰਦਾ ਹੋ ਗਿਆ ਅਰ ਚੁਪ ਕਰਕੇ ਹੇਠਾਂ ਬੈਠ ਗਿਆ, ਇਸ ਪਰ ਫਿਰ ਲੋਗਾਂ ਨੇ ਤਾਲੀਆਂ ਮਾਰੀਆਂ॥

**ਦੋਹਿਰਾ—ਮੇਰੀ ਵਾਰੀ ਤੀਸਰੀ, ਆਇ ਗਈ ਫਿਰ ਮੀਤ।**
**ਸੁਣ ਲਓ ਸਾਧੂ ਨਾਲ ਮੈਂ, ਕੀਤੀ ਜੋਇ ਪਰੀਤ॥੧੮॥**

ਭਾਵ—ਜਦ ਸਾਧੂ ਜੀ ਨੇ ਤੀਜੀ ਵੇਰ ਫਿਰ ਆਖਯਾ ਕਿ ਕੋਈ ਹੋਰ ਉਠੋ ਤਦ ਮੈਂ ਓਸੇ ਵੇਲੇ ਖੜਾ ਹੋ ਗਿਆ, ਅਰ ਕੁਰਸੀ ਦੇ ਪਾਸ ਜਾ ਕੇ ਬੋਲਯਾ ਕਿ "ਸੁਵਾਮੀ ਜੀ ਨੂੰ ਯਾਦ ਰਹੇ ਜੋ ਮੇਰਾ ਮੁਕਾਬਲਾ ਅਜੇਹਾ ਨਹੀਂ ਹੈ ਜੇਹਾ ਕਿ ਹੋਰਨਾਂ ਦਾ ਹੋਇਆ ਹੈ ਕਿੰਤੂ ਆਪ ਨੂੰ ਅੱਛੀ ਤਰ੍ਹਾਂ ਖ਼ਯਾਲ ਰਹੇ ਕਿ ਅੱਜ ਇਕ ਥੋਂ ਇਕ ਹੋ ਜਾਣੀ ਹੈ, ਅਰ ਮੇਰਾ ਪੱਖ ਵੇਦਾਂ ਦੇ ਈਸ਼ਵਰੀ ਹੋਣ ਦੇ ਖੰਡਨ ਪਰ ਹੋਵੇਗਾ ਜਿਸ




www.sikhbookclub.com

ਤੇ ਸੁਵਾਮੀ ਜੀ ਦਾ ਧਰਮ ਹੈ ਜੋ ਮੇਰੇ ਇਸ ਕਥਨ ਨੂੰ ਖੰਡਨ ਕਰੇ ਅਤੇ ਅਪਣੀ ਯੁਕਤੀਆਂ ਨਾਲ ਵੇਦਾਂ ਨੂੰ ਈਸ਼ਵਰੀਯ ਸਾਬਤ ਕਰੇ।" ਮੇਰੀ ਇਸ ਦਲੇਰੀ ਵਾਲੀ ਬਾਤ ਨੂੰ ਸੁਣਦੇ ਸਾਰ ਸਭ ਲੋਗ ਚੁਪ ਚਾਪ ਹੋ ਗਏ ਅਰ ਸਾਡੇ ਦੋਨਾਂ ਵੱਲ ਤੱਕਣ ਲੱਗੇ।

**ਦੋਹਿਰਾ—ਸੁਣਕੇ ਮੇਰੀ ਬਾਤ ਨੂੰ, ਸਮਝਿਆ ਮਨ ਵਿਚ ਸਾਧ।**
**ਇਹ ਤਾਂ ਕੋਈ ਪਿੰਡ ਦੀ, ਲੱਥੀ ਆਨ ਉਪਾਧ॥੧੯॥**
**ਜਿਸ ਦੇ ਉੱਤਰ ਵਿਚ ਫਿਰ, ਬੋਲੇ ਨਾਲ ਗ਼ਰੂਰ।**
**ਕਹੋ ਕਹੋ ਤੁਮ ਬਾਤ ਅਬ, ਜੋ ਕੁਝ ਅਹੇ ਜ਼ਰੂਰ॥੨੦॥**

ਭਾਵ—ਇਤਨੀ ਬਾਤ ਨੂੰ ਸੁਣਦੇ ਸਾਰ ਸਾਧੂ ਦੇ ਦਿਲ ਨੂੰ ਕੁਝ ਗੁੱਸਾ ਜੇਹਾ ਆਯਾ ਅਰ ਉੱਚੇ ਦੇਖ ਕੇ ਆਖਿਆ ਕਿ ਤੁਸਾਂ ਨੇ ਜੋ ਕੁਛ ਕਹਿਣਾ ਹੈ ਸੋ ਬੈਠ ਕੇ ਆਖੋ, ਜਿਸ ਪਰ ਮੈਂ ਝੱਟ ਕੁਰਸੀ ਪਰ ਬੈਠ ਗਿਆ ਅਰ ਅਪਨੇ ਪ੍ਰਸੰਗ ਨੂੰ ਇਸ ਪਰਕਾਰ ਆਰੰਭ ਕੀਤਾ, ਯਥਾ :

*ਪ੍ਰਸ਼ਨ*

**ਦੋਹਿਰਾ—ਜੋ ਸੁਵਾਮੀ ਨੇ ਤਿੰਨ ਦਿਨ, ਦੇ ਕਰਕੇ ਵੱਖਯਾਨ।**
**ਵੇਦ ਕਹੇ ਹਨ ਈਸ਼ਵਰੀ, ਸੋ ਨਹਿ ਸੱਤ ਪਛਾਨ॥੨੧॥**
**ਨਿਰਾਕਾਰ ਈਸ਼ਵਰ ਅਹੇ, ਜਿਸ ਕੇ ਮੁਖ ਨਹਿ ਦਾਂਤ।**
**ਵੇਦ ਚਾਰ ਹੈਂ ਸ਼ਬਦ ਸੇ, ਪਦ ਅੱਖਰ ਏਕਾਂਤ॥੨੨॥**

ਭਾਵ—ਸੁਵਾਮੀ ਜੀ ਨੇ ਤਿੰਨ ਦਿਨ ਵੱਖਯਾਨ ਦੇ ਕੇ ਇਹ ਪੱਖ ਸਾਬਤ ਕੀਤਾ ਹੈ ਕਿ ਵੇਦ ਈਸ਼ਵਰ ਕ੍ਰਿਤ ਹਨ ਪ੍ਰੰਤੂ ਇਸ ਵਿਚ ਮੇਰੀ ਇਹ ਸ਼ੰਕਾ ਹੈ ਕਿ ਵੇਦ ਬੈਖਰੀ ਬਾਣੀ ਰੂਪੀ ਹਨ, ਕਿਉਂਕਿ ਬਾਣੀ ਚਾਰ ਪ੍ਰਕਾਰ ਦੀ ਹੈ ਜਿਨ੍ਹਾਂ ਵਿਚੋਂ ਪਹਿਲੀ ਪ੍ਰਾ, ਦੂਜੀ ਪਸੰਤੀ, ਤੀਜੀ ਮੱਧਮਾਂ ਅਤੇ ਚੌਥੀ ਬੈਖਰੀ ਸਦਾਉਂਦੀ ਹੈ। ਇਨ੍ਹਾਂ ਵਿਚੋਂ ਪ੍ਰਾਬਾਣੀ ਓਹ ਹੈ ਜੋ ਅਨਉਦ ਭੂਤ ਸੰਸਕਾਰ ਰੂਪ ਹੋ ਕੇ ਪੁਰਖ ਦੇ ਰਿਦੇ ਦੇ ਵਿਚ ਰਹਿੰਦੀ ਹੈ ਅਰਥਾਤ ਉਸ ਦਾ ਸੰਸਕਾਰ ਤਾਂ ਰਿਦੇ ਵਿਚ ਹੁੰਦਾ ਹੈ ਪ੍ਰੰਤੂ ਪ੍ਰਗਟ ਨਹੀਂ ਹੁੰਦੀ ਜੈਸਾ ਕਿ ਕਈ ਕਿੰਤੂ ਉਨ੍ਹਾਂ ਦੀ ਸਿੰਮ੍ਰਤੀ ਜਿਤਨਾ ਚਿਰ ਨਾ ਹੋਵੇ ਉਤਨਾ ਚਿਰ ਉਹ ਅਣ ਹੋਈਆਂ ਦੇ ਸਮਾਨ ਹੁੰਦੀਆਂ ਹਨ, ਇਸੀ ਵਾਸਤੇ ਪ੍ਰਾਬਾਣੀ ਦਾ ਗਯਾਨ ਸਿੰਮ੍ਰਤੀ ਹੋਏ ਤੇ ਬਿਨਾਂ ਉਸ ਦੇ ਆਸਰੇ ਅੰਤਹ ਕਰਨ ਯਾ ਪੁਰਖ ਨੂੰ ਭੀ ਨਹੀਂ ਹੋ ਸਕਦਾ ਜਿਸ ਤੇ ਇਹ ਬਾਤ ਸਭ ਨੂੰ ਅਨੁਭਵ ਸਿੱਧੀ ਹੈ ਕਿ ਸਾਰੇ ਪਦਾਰਥਾਂ ਦਾ ਗਯਾਨ ਇਕ ਕਾਲ ਵਿਚ ਸਦਾ ਹੀ ਪੁਰਖ ਨੂੰ ਨਹੀਂ ਰਹਿੰਦਾ, ਇਸ ਵਾਸਤੇ ਪਹਿਲੀ ਬਾਣੀ ਤਾਂ ਅਤੀ ਗੁਪਤ ਹੈ ਅਰ ਉਸ ਦਾ ਗਯਾਨ ਉਸਦੇ ਆਸਰੇ ਸਥੂਲ ਸਰੀਰ ਅਤੇ ਅੰਤਹ ਕਰਨ ਨੂੰ ਭੀ ਨਹੀਂ ਹੈ॥


www.sikhbookclub.com

ਦੂਸਰੀ ਬਾਣੀ ਜੋ ਪਸੰਤੀ ਹੈ ਉਹ ਉਦਭਵ ਸੰਸਕਾਰ ਦਾ ਨਾਮ ਹੈ ਜਿਸ ਦਾ ਤਾਤਪ੍ਰਜ ਇਹ ਹੈ ਕਿ ਜਦ ਕਿਸੀ ਨਮਿੱਤ ਨੂੰ ਲੈ ਕੇ ਯਾ ਸੁਭਾਵਕ ਕੋਈ ਖਯਾਲ ਰਿਦੇ ਵਿਚ ਉਤਪਤ ਹੋ ਜਾਂਦਾ ਹੈ ਤਦ ਉਸ ਦਾ ਨਾਉਂ ਪਸੰਤੀ ਬਾਣੀ ਆਖਦੇ ਹਨ ਕਿਉਂਕਿ ਇਹ ਵਾਰਤਾ ਹਰ ਇਕ ਪੁਰਖ ਪ੍ਰਤਿ ਅਨੁਭਵ ਸਿੱਧ ਹੈ ਜੋ ਕਿ ਉਹ ਇਕਾਂਤ ਸਥਾਨ ਵਿਚ ਬੈਠਾ ਕਈ ਪ੍ਰਕਾਰ ਦੀਆਂ ਬਾਤਾਂ ਜਿਹੜੀਆਂ ਹੋ ਚੁਕੀਆਂ ਅਰ ਹੁੰਦੀਆਂ ਅਤੇ ਹੋਣ ਵਾਲੀਆਂ ਹਨ ਉਨ੍ਹਾਂ ਦਾ ਚਿੰਤਨ ਕਰ ਸਕਦਾ ਹੈ ਜਿਸ ਤੇ ਉਸ ਦਾ ਨਾਮ ਇਸ ਪ੍ਰਕਾਰ ਸੂਖ਼ਮ ਰੂਪ ਬਾਣੀ ਹੋਣ ਤੇ ਪਸੰਤੀ ਕਰਕੇ ਸੱਦਦੇ ਹਨ॥

ਤੀਸਰੀ ਬਾਣੀ ਦਾ ਨਾਮ ਮੱਧਮਾਂ ਹੈ ਸੋ ਮੱਧਮਾਂ ਦਾ ਅਰਥ ਵਿਚਕਾਰ ਵਾਲੀ ਹੈ ਜਿਸ ਦਾ ਭਾਵ ਇਹ ਹੈ ਕਿ ਜਦ ਉਹ ਪਸੰਤੀ ਚਿੰਤਨ ਕਰਨ ਦੁਵਾਰੇ ਅਗਲੀ ਅਵਸਥਾ ਨੂੰ ਪਹੁੰਚਦੀ ਹੈ ਤਦ ਆਪਨੇ ਮਨੋਰਥ ਨੂੰ ਪ੍ਰਗਟ ਕਰਨ ਲਈ ਕੰਠ ਵਿਚ ਆ ਜਾਂਦੀ ਹੈ ਫਿਰ ਓਸ ਦਾ ਨਾਉਂ ਮੱਧਮਾਂ ਕਰਕੇ ਸੱਦਯਾ ਜਾਂਦਾ ਹੈ; ਜਿਸ ਤੇ ਹਰ ਇਕ ਆਦਮੀ ਆਖਦਾ ਸੁਣਿਆ ਜਾਂਦਾ ਹੈ ਕਿ ਮੈਂ ਫਲਾਣੀ ਬਾਤ ਨੂੰ ਆਖਣਾ ਸਾ, ਪਰ ਮੇਰੇ ਕੰਠ ਵਿਚ ਹੀ ਰਹਿ ਗਈ; ਕਿਉਂਕਿ ਇਹ ਬਾਣੀ ਪ੍ਰਾ ਅਤੇ ਪਸੰਤੀ ਨਾਲੋਂ ਵਧ ਕੇ ਕੰਠ ਵਿਚ ਆ ਗਈ ਹੈ ਇਸ ਵਾਸਤੇ ਇਸ ਦਾ ਨਾਉਂ ਮੱਧਮਾਂ ਕਰਕੇ ਆਖਯਾ ਜਾਂਦਾ ਹੈ॥

ਚੌਥੀ ਬੈਖਰੀ ਬਾਣੀ ਓਹ ਹੈ ਜਿਸ ਨੂੰ ਮਨੁੱਖ ਆਪਣੇ ਮੁਖ ਦੁਆਰੇ ਬੋਲ ਕੇ ਸਭ ਪਰ ਪ੍ਰਗਟ ਕਰ ਦੇਂਦਾ ਹੈ, ਅਰ ਇਹ ਅਖੰਜਰ ਰੂਪ ਹੋ ਕੇ ਸਾਰੇ ਬਿਖਰ ਜਾਂਦੀ ਹੈ, ਕਿਉਂਕਿ ਜਿਸ ਵੇਲੇ ਪੁਰਖ ਕਿਸੇ ਪਾਸ ਆਪਣੇ ਮਨੋਰਥ ਨੂੰ ਬਾਣੀ ਨਾਲ ਪ੍ਰਗਟ ਕਰੇਗਾ ਤਦ ਇਹ ਬਾਤ ਜ਼ਰੂਰੀ ਹੋਵੇਗੀ ਜੋ ਉਹ ਅੱਖਰ ਬੋਲਦਾ ਚੱਲਯਾ ਜਾਏਗਾ, ਜਿਸ ਤੇ ਓਹ ਜੁਦੇ ਜੁਦੇ ਅੱਖਰ ਆਪਸ ਵਿਚ ਮਿਲ ਕੇ ਪਦ ਬਣਾਉਂਦੇ ਰਹਿਣਗੇ ਅਰ ਓਹੋ ਪਦ ਅੱਗੇ ਵਾਕ ਬਣਦੇ ਜਾਣਗੇ, ਜਿਸ ਤੇ ਇਕ ਬਾਣੀ ਦੀ ਸੂਰਤ ਬਣ ਜਾਏਗੀ॥

ਇਸ ਬਾਤ ਨੂੰ ਹਰ ਇਕ ਆਦਮੀ ਮੰਨਦਾ ਹੈ ਕਿ ਅੱਖਰਾਂ ਦਾ ਸਮਦਾਇ ਪਦ ਹੈ ਅਤੇ ਪਦਾਂ ਦੇ ਸਮਦਾਇ ਨੂੰ ਵਾਕਯ ਆਖਦੇ ਹਨ ਅਰ ਵਾਕ ਹੀ ਮਿਲ ਕੇ ਇਕ ਕਥਾ ਕਹਾਣੀ ਦੀ ਸੂਰਤ ਬਣ ਜਾਂਦੇ ਹਨ ਜਿਨ੍ਹਾਂ ਨੂੰ ਪੁਰਖ ਇਕ ਰੇਖਾ ਦੇ ਢੰਗ ਪਰ ਲਿਆ ਕੇ ਕਾਗਤ ਪਰ ਲਿਖ ਦੇਂਦਾ ਹੈ, ਸੋਈ ਇਕ ਪੁਸਤਕ ਯਾ ਗ੍ਰੰਥ ਬਣ ਜਾਂਦਾ ਹੈ।

ਪ੍ਰੰਤੂ ਜਦ ਅਸੀਂ ਇਨ੍ਹਾਂ ਚਾਰਾਂ ਵੇਦਾਂ ਨੂੰ ਦੇਖਦੇ ਹਾਂ ਤਦਾ ਇਕ ਬੈਖਰੀ ਬਾਣੀ ਜੋ ਅੱਖਰ ਰੂਪ ਹੋ ਕੇ ਵਿਖਰੀ ਹੋਈ ਹੈ ਓਹ ਪਾਉਂਦੇ ਹਾਂ ਜਿਸ ਤੇ ਵੇਦਾਂ ਦੇ ਮੰਤਰ ਸਾਰੇ ਬਵੰਜਾ ਅੱਖਰਾਂ ਦੁਆਰੇ ਬੋਲੇ ਗਏ ਹਨ ਅਰ ਉਹ ਅੱਖਰ ਹੀ ਮਿਲ ਕੇ ਪਦ

ਅਰ ਪਦ ਹੀ ਮਿਲ ਕੇ ਵਾਕ ਯਾ ਮੰਤਰ ਹੋ ਗਏ ਹਨ, ਜਿਸ ਤੇ ਸਾਫ ਪਾਇਆ ਜਾਂਦਾ ਹੈ ਕਿ ਵੇਦ ਪ੍ਰਾ, ਪਸੰਤੀ ਅਤੇ ਮੱਧਮਾਂ ਬਾਣੀਆਂ ਨਹੀਂ ਰਹੇ ਕਿੰਤੂ ਕੇਵਲ ਬੈਖਰੀ ਬਾਣੀ ਰੂਪ ਹਨ।

ਹੁਣ ਇਸ ਵਿਚ ਇਤਨਾ ਪ੍ਰਸ਼ਨ ਹੈ ਕਿ ਬੈਖਰੀ ਬਾਣੀ ਅੱਖਰਾਂ ਦੇ ਉਚਾਰਨ ਬਿਨਾਂ ਨਹੀਂ ਬੋਲੀ ਜਾਂਦੀ, ਕਿਉਂਕਿ ਜਿਤਨਾ ਚਿਰ ਅੱਖਰ ਉਚਾਰਨ ਨਹੀਂ ਹੋਵੇਗਾ ਉਤਨਾ ਚਿਰ ਕੋਈ ਪਦ ਯਾ ਵਾਕ ਨਹੀਂ ਬਣੇਗਾ, ਇਸ ਵਾਸਤੇ ਵੇਦ ਜੋ ਇਕ ਅੱਖਰ-ਪਦ ਅਤੇ ਵਾਕ ਰੂਪ ਹੈ ਇਸੀ ਤੇ ਬੈਖਰੀ ਬਾਣੀ ਹੈ, ਜੋਂ ਪੰਜ ਭੂਤਕ ਦੇਹ ਧਾਰੀ ਦੀ ਹੈ, ਤਾਂ ਤੇ ਇਸ ਅੱਖਰਾਂ ਵਾਲੀ ਬੋਲੀ ਦੇ ਉਚਾਰਨ ਲਈ ਅਵੱਸ਼ ਕਿਸੇ ਦੇਹ ਧਾਰੀ ਦੀ ਲੋੜ ਹੈ, ਕਿਉਂਕਿ ਇਹ ਨਿਯਮ ਹੈ ਜੋ ਸੰਸਕ੍ਰਿਤ ਦੇ ਅੱਖਰਾਂ ਦੇ ਉਚਾਰਨ ਲਈ ਉਨ੍ਹਾਂ ਦੇ ਉਪਯੋਗੀ ਅਸਥਾਨਾਂ ਦੀ ਲੋੜ ਹੈ, ਜੈਸਾ ਕਿ ਕਈ ਅੱਖਰ ਤਾਲੂ ਨਾਲ ਕਈ ਹੋਠਾਂ ਨਾਲ ਕਈ ਕੰਠ ਨਾਲ ਅਤੇ ਕਈ ਦੰਦਾਂ ਨਾਲ ਹੀ ਉਚਾਰਨ ਹੁੰਦੇ ਹਨ, ਜਿਸ ਤੇ ਉਨ੍ਹਾਂ ਨੂੰ ਤਾਲਵੀ ਕੰਠੀਯ ਓਸ਼ਟੀ ਅਤੇ ਦੰਤੀ ਆਦਿਕ ਕਰ ਕੇ ਸੱਦਦੇ ਹਨ॥

ਜਦ ਇਹ ਨਿਯਮ ਹੈ ਕਿ ਜੋ ਅੱਖਰ ਜਿਸ ਜਗ੍ਹਾ ਉਚਾਰਨ ਦੇ ਜੋਗ ਹੋਵੇ ਸੋ ਓਸ ਜਗ੍ਹਾ ਉਚਾਰਨ ਕੀਤਾ ਜਾਏ, ਤਦ ਇਹ ਬਾਤ ਮੰਨਣੀ ਪਏਗੀ ਕਿ ਵੇਦਾਂ ਦੇ ਉਚਾਰਨ ਵਾਲਾ ਕੋਈ ਐਸਾ ਪੁਰਸ਼ ਸਾ ਜਿਸ ਦੇ ਕੰਠ, ਤਾਲੂ ਆਦਿਕ ਅੰਗ ਸਨ, ਸੋ ਐਸਾ ਕੇਵਲ ਕੋਈ ਸਥੂਲ ਦੇਹ ਧਾਰੀ ਪੁਰਖ ਹੀ ਹੋ ਸਕਦਾ ਹੈ, ਜਿਸਤੇ ਇਹ ਸਾਬਤ ਹੁੰਦਾ ਹੈ ਕਿ ਵੇਦ ਈਸ਼ਵਰਜ ਬਾਣੀ ਨਹੀਂ ਕਿੰਤੂ ਪੌਰਖੇਯ ਅਰਥਾਤ ਕਿਸੇ ਪੁਰਖ ਦੀ ਬਣਾਈ ਹੋਈ ਬੈਖਰੀ ਬਾਣੀ ਰੂਪ ਹੈ॥

ਕਲਪਨਾ ਕਰੋ ਕਿ ਜੇ ਇਸ ਬਾਤ ਨੂੰ ਮੰਨਜਾ ਭੀ ਜਾਏ ਕਿ ਵੇਦ ਈਸ਼ਵਰ ਨੇ ਹੀ ਉਚਾਰਨ ਕੀਤੇ ਹਨ ਤਦ ਉਸ ਦਾ ਅਕਾਰ ਮਨੁੱਖ ਵਰਗਾ ਅਵੱਸ਼ ਮੰਨਣਾ ਪਵੇਗਾ, ਕਿਉਂਕਿ ਜਿਤਨਾ ਚਿਰ ਇਹ ਨਾ ਮੰਨਜਾ ਜਾਏ ਤਦ ਤਕ ਵੇਦਾਂ ਦੇ ਅੱਖਰ ਉਚਾਰਨ ਨਹੀਂ ਹੋਣਗੇ ਅਰ ਜੇ ਅੱਖਰ ਨਾ ਉਚਾਰੇ ਗਏ ਤਦ ਵੇਦਾਂ ਦੀਆਂ ਰਿਚਾਂ ਜੋ ਬੈਖਰੀ ਬਾਣੀ ਰੂਪ ਹਨ ਜਦ ਇਹ ਨਹੀਂ ਬਣਨਗੀਆਂ ਅਤੇ ਜਦ ਇਹ ਨਾ ਬਣੀਆਂ ਤਦ ਇਹ ਚਾਰੇ ਵੇਦ ਭੀ ਨਹੀਂ ਹੋਣਗੇ॥

ਸਾਥ ਇਹ ਭੀ ਜਾਣਨਾ ਜੋਗ ਹੈ ਕਿ ਬੈਖਰੀ ਬਾਣੀ ਤੋਂ ਪਹਿਲੀਆਂ ਜੋ ਚਾਰੇ ਬਾਣੀਆਂ ਹਨ ਉਨ੍ਹਾਂ ਦਾ ਗਜਾਨ ਕਿਸੇ ਨੂੰ ਭੀ ਨਹੀਂ ਹੁੰਦਾ ਜਿਤਨਾ ਚਿਰ ਉਹ ਅੱਖਰ ਰੂਪ ਹੋ ਕੇ ਨਾ ਵਿਖਰ ਜਾਣ, ਇਸ ਵਾਸਤੇ ਜੇ ਵੇਦ ਈਸ਼ਵਰ ਦੀ ਪ੍ਰਾ ਯਾ ਪਸੰਤੀ ਯਾ ਮਧਮਾਂ ਬਾਣੀ ਹੀ ਸਮਝੀ ਜਾਏ ਤਦ ਇਹ ਦੂਖਨ ਆਉਂਦਾ ਹੈ ਜੋਂ ਉਸ ਦਾ ਗਜਾਨ ਕਿਸੇ ਨੂੰ ਭੀ ਨਾ ਹੋਵੇ ਕਿਉਂਕਿ ਇਹ ਨਿਯਮ ਹੈ ਜੋ ਬੈਖਰੀ ਬਾਣੀ ਨਾਲ ਹੀ ਸਭ ਨੂੰ ਗਜਾਨ ਹੁੰਦਾ ਹੈ, "ਜੈਸਾ ਕਿ ਬਿਨ ਬੋਲੇ ਖੁਲ੍ਹੇ ਘਰ ਕੌਨ

ਕੁਵਾਰਾ" ਕਥਨ ਹੈ॥

ਇਸ ਜਗ੍ਹਾ ਜੇ ਸੁਵਾਮੀ ਜੀ ਈਸ਼ਵਰ ਨੂੰ ਸ਼ਰੀਰੀ ਮੰਨਣਗੇ ਅਰ ਵੈਦ ਨੂੰ ਬੈਖਰੀ ਬਾਣੀ ਸਾਬਤ ਕਰਨਗੇ ਤਦ ਇਹ ਦੋਖ ਆਵੇਗਾ ਜੋ ਈਸ਼ਵਰ ਭੀ ਘਟ ਪਦ ਵਾਂਗ ਸਾਕਾਰ ਹੋ ਜਾਨੇ ਤੇ ਨਾਸੀ ਹੋਵੇਗਾ, ਅਰ ਸ਼ਰੀਰੀ ਹੋਣ ਤੇ ਖਟ ਊਮਰੀ ਆਦਿ ਵਿਕਾਰਾਂ ਅਤੇ ਪੰਚ ਕਲੇਸ਼ਾਂ ਵਾਲਾ ਸਮਝਿਆ ਜਾਏਗਾ, ਅਰ ਇਸ ਤੋਂ ਬਿਨਾਂ ਇਕ ਹੋਰ ਵੱਡਾ ਭਾਰੀ ਦੋਸ਼ ਇਹ ਆਵੇਗਾ ਕਿ ਦ੍ਰਿਸਮਾਨ ਸਭ ਨਾਸੀ ਹੋਣ ਤੇ ਈਸ਼ਵਰ ਭੀ ਨਾਸੀ ਹੋਏਗਾ, ਜਿਸ ਤੇ ਨਿੱਤ, ਅਮਰ ਆਦਿਕ ਜੋ ਈਸ਼ਵਰ ਦੇ ਗੁਣ ਹਨ ਸੋ ਸਭ ਦੂਰ ਹੋ ਜਾਣਗੇ, ਜਿਸ ਦਾ ਫਲ ਇਹ ਹੋਵੇਗਾ ਜੋ ਈਸ਼ਵਰ ਵੇਦਾਂ ਨੂੰ ਰਚਦਾ ਰਚਦਾ ਆਪ ਨੂੰ ਹੀ ਨਾਸ ਕਰ ਲਏਗਾ ਅਤੇ ਜੀਵ ਜੈਸੀ ਪਦਵੀ ਨੂੰ ਧਾਰਨ ਕਰੇਗਾ।

ਜੋ ਇਸ ਦੋਸ਼ ਦੇ ਡਰਦਿਆਂ ਈਸ਼ਵਰ ਨੂੰ (ਅਕਾਇ) ਅਰਥਾਤ ਸ਼ਰੀਰ ਰਹਿਤ ਮੰਨੋਗੇ ਤਦ ਉਸ ਦੇ ਕੰਠ ਤਾਲੂ ਆਦਿਕ ਨਹੀਂ ਹੋਣਗੇ ਅਰ ਜੇ ਉਹ ਨਾ ਹੋਏ ਤਦ ਵੇਦਾਂ ਦੇ ਅੱਖਰ ਨਹੀਂ ਉਚਰੇ ਜਾਣਗੇ, ਅਰ ਜੇ ਅੱਖਰ ਹੀ ਨਾ ਉਚਰੇ ਗਏ ਤਦ ਨਾ ਵੇਦ ਬਣਨਗੇ ਤੇ ਨਾ ਉਨ੍ਹਾਂ ਦਾ ਕਰਤਾ ਈਸ਼ਵਰ ਹੀ ਸਿੱਧ ਹੋਏਗਾ, ਇਸ ਵਾਸਤੇ ਦੋਨੋਂ ਯੁਕਤੀਆਂ ਨਾ ਸਹਾਰਨ ਕਰਕੇ ਈਸ਼ਵਰ ਕਿਸੀ ਤਰ੍ਹਾਂ ਭੀ ਵੇਦਾਂ ਦਾ ਕਰਤਾ ਨਹੀਂ ਹੈ, ਜਿਸ ਵਾਸਤੇ ਓੜਕ ਨੂੰ ਮੰਨਣਾ ਪੈਂਦਾ ਹੈ ਕਿ ਕਿਵੇਂ ਵੇਦਾਂ ਦਾ ਕਰਤਾ ਕੋਈ ਆਦਮੀ ਹੈ, ਅਤੇ ਈਸ਼ਵਰ ਨਹੀਂ ਹੈ॥

**ਦੋਹਿਰਾ—ਉਭੈ ਪਾਸ ਰੱਜੂ ਅਹੇ ਪ੍ਰਤਿ ਵਾਦੀ ਗਲ ਮਾਂਹਿ॥**
**ਜਾਂਤੇ ਦੋਨ ਪ੍ਰਕਾਂਰ ਤੇ ਵੇਦ ਸਿੱਧ ਹੁਇ ਨਾਂਹਿ॥੨੩॥**

ਭਾਵ—ਇਸ ਦਾ ਭਾਵ ਇਹ ਹੈ ਕਿ ਉਭੈ ਪਾਸ ਰਜੂ ਨਯਾਇ ਦੀ ਤਰ੍ਹਾਂ ਸੁਵਾਮੀ ਜੀ ਨੂੰ ਹੁਣ ਦੋਨੋਂ ਤਰ੍ਹਾਂ ਕਠਨ ਹੈ, ਕਿਉਂਕਿ ਜੇ ਈਸ਼ਵਰ ਨੂੰ ਸ਼ਰੀਰੀ ਮੰਨਣਗੇ ਤਦ ਓਹ ਅਨਿੱਤ ਹੋ ਜਾਏਗਾ ਅਤੇ ਜੇ ਅਸ਼ਰੀਰੀ ਆਖਣਗੇ ਤਦ ਸੰਸਕ੍ਰਿਤ ਦੇ ਅੱਖਰ ਉਚਾਰਨ ਦੇ ਸਥਾਨਾ ਦਾ ਅਭਾਵ ਹੋਣ ਤੇ ਵੇਦਾਂ ਦਾ ਅਭਾਵ ਹੋ ਜਾਏਗਾ, ਇਸ ਵਾਸਤੇ ਮੈਂ ਜਾਣਦਾ ਹਾਂ ਕਿ ਵੇਦ ਮਨੁੱਖ ਰਚਤ ਹਨ, ਜਿਸ ਵਿਚ ਕੋਈ ਦੋਸ਼ ਨਹੀਂ ਆਉਂਦਾ ਕਿਉਂਕਿ ਆਦਮੀ ਹੀ ਪੁਸਤਕ ਬਣਾਉਂਦੇ ਹਨ, ਤਾਂ ਤੇ ਇਹ ਵੀ ਆਦਮੀਆਂ ਨੇ ਹੀ ਬਣਾਏ ਹਨ।

ਸੋ ਇਸ ਪ੍ਰਸ਼ਨ ਦਾ ਉੱਤਰ ਸੁਵਾਮੀ ਜੀ ਵਿਚਾਰ ਕੇ ਦੇਣ॥

**ਦੋਹਿਰਾ—ਸੁਣਕੇ ਸਾਰਾ ਸਾਧ ਨੇ ਚੱਕਰ ਦਿੱਤਾ ਹੋਰ।**
**ਚੋਰਾਂ ਉਪਰ ਪਾਉਂਦਾ ਦੇਖੋ ਕੈਸੇ ਮੋਰ॥੨੪॥**
**ਮੇਰੇ ਸਾਰੇ ਕਥਨ ਨੂੰ ਛਬਿਆ ਐਸੇ ਢੰਗ।**
**ਸੁਨਨੇ ਵਾਲੇ ਹੋਣਗੇ ਇਸ ਪਰ ਡਾਢੇ ਦੰਗ॥੨੫॥**

ਭਾਵ—ਮੇਰੇ ਇਸ ਕਥਨ ਨੂੰ ਸੁਣਕੇ ਸੁਵਾਮੀ ਜੀ ਨੇ ਇਕ ਅਜੇਹਾ ਚੱਕਰ ਦਿਤਾ ਜੋ ਆਮ ਲੋਗ ਉਸ ਨੂੰ ਨਹੀਂ ਸਮਝ ਸਕਦੇ ਸੇ ਜਿਸ ਤੇ ਸੁਨਣੇ ਵਾਲਿਆਂ ਨੂੰ ਇਹ ਪਤਾ ਨਾ ਲੱਗਜਾ ਕਿ ਇਸ ਦਾ ਪ੍ਰਸ਼ਨ ਕਿਆ ਹੈ ਅਤੇ ਸਾਧੂ ਜੀ ਉੱਤਰ ਕਿਸ ਦਾ ਦੇ ਰਹੇ ਹਨ ਕਿੰਤੂ ਉਹ ਇਹ ਸਾ ਜੋ ਉਨ੍ਹਾਂ ਨੇ ਮੇਰੇ ਸਾਰੇ ਪ੍ਰਸੰਗ ਨੂੰ ਛੱਡ ਕੇ ਕੇਵਲ ਇਕ ਬਾਤ ਨੂੰ ਪਕੜ ਲੀਤਾ ਅਰ ਓਸੇ ਦਾ ਖੰਡਨ ਕਰਨ ਲਗ ਗਏ, ਅਰ ਇਸ ਤਰ੍ਹਾਂ ਬੋਲੇ ਜਿਸ ਤਰ੍ਹਾਂ ਹੁਣ ਮੁਢੋਂ ਆਪਣੇ ਮਤ ਦਾ ਮੰਡਨ ਕਰਦੇ ਹਨ, ਯਥਾ :

ਉੱਤਰ—ਦੇਖੋ ਇਹ ਆਖਦਾ ਹੈ ਕਿ ਚਾਰ ਪਰਕਾਰ ਦੀ ਬਾਣੀ ਵਿਚੋਂ ਪਰਾ, ਪਸੰਤੀ ਅਤੇ ਮਧਮਾਂ ਨੂੰ ਤਾਂ ਕੋਈ ਨਹੀਂ ਜਾਣਦਾ ਕਿੰਤੂ ਕੇਵਲ ਬੈਖਰੀ ਨੂੰ ਹੀ ਜਾਣ ਸਕੀਦਾ ਹੈ, ਪਰੰਤੂ ਮੈਂ ਇਸਤੇ ਪੁੱਛਦਾ ਹਾਂ ਕਿ ਜੇ ਤੇਰੇ ਕਥਨਾਨੁਸਾਰ ਇਨ੍ਹਾਂ ਤਿੰਨਾਂ ਬਾਣੀਆਂ ਨੂੰ ਕੋਈ ਨਹੀਂ ਜਾਣਦਾ ਤਾਂ ਤੂੰ ਕਿਸ ਤਰ੍ਹਾਂ ਜਾਣਦਾ ਹੈਂ, ਅਰ ਜੇ ਇਹ ਕਹੇ ਕਿ ਮੈਂ ਭੀ ਨਹੀਂ ਜਾਣਦਾ, ਤਾਂ "ਵੱਦਤੋ ਬਿਯਾਘਾਤ" ਅਰਥਾਤ "ਮਨ ਮੁਖ ਜੀਭਾ ਨਾਸਤੀ" ਦੀ ਤਰ੍ਹਾਂ ਇਸਦਾ ਕਥਨ ਠੀਕ ਨਹੀਂ ਹੈ ਕਿਉਂਕਿ ਜੇ ਕੋਈ ਕਹੇ ਕਿ ਮੇਰੇ ਮੁਖ ਵਿਚ ਜੀਭ ਨਹੀਂ ਤਦ ਉਸ ਪਰ ਏਹੋ ਪ੍ਰਸ਼ਨ ਹੁੰਦਾ ਹੈ ਕਿ ਜੇ ਤੇਰੇ ਮੂੰਹ ਵਿਚ ਨਹੀਂ ਤਾਂ ਤੂੰ ਕਿਸ ਨਾਲ ਬੋਲਦਾ ਹੈਂ ? ਤਾਂ ਤੇ ਜੇ ਇਹ ਚਾਰੇ ਬਾਣੀਆਂ ਨੂੰ ਨਹੀਂ ਜਾਣਦਾ ਤਾਂ ਦਸਦਾ ਕਯੋਂ ਹੈ, ਅਰ ਜੇ ਜਾਣਦਾ ਹੈ ਤਾਂ ਸਾਬਤ ਹੋਇਆ ਜੋ ਸਾਰੇ ਲੋਗ ਜਾਣਦੇ ਹਨ, ਹੁਣ ਵਿਚਾਰੋ ਕਿ ਜੇ ਇਹ ਜਾਣਦਾ ਹੈ ਤਾਂ ਹੋਰ ਲੋਗ ਕਿਉਂ ਨਹੀਂ ਜਾਣਦੇ ਅਰ ਜੇ ਇਹ ਕਹੇ ਕਿ ਮੈਂ ਭੀ ਨਹੀਂ ਜਾਣਦਾ ਤਾਂ ਫਿਰ ਕਥਨ ਕਿਉਂ ਕਰਦਾ ਹੈ ? ਇਸ ਵਾਸਤੇ ਇਸਦਾ ਇਹ ਕਥਨ ਇਸ ਪਰਕਾਰ ਹੈ ਜਿਸ ਤਰ੍ਹਾਂ ਕੋਈ ਕਹੇ ਕਿ ਇਸ ਕੋਠੀ ਵਿਚ ਸੱਪ ਹੈ ਪਰ ਉਸਨੂੰ ਕੋਈ ਨਹੀਂ ਜਾਣਦਾ, ਐਸਾ ਆਖਣ ਵਾਲੇ ਪਰ ਇਹ ਪ੍ਰਸ਼ਨ ਹੋ ਸਕਦਾ ਹੈ ਕਿ ਜੇ ਉਸ ਸੱਪ ਨੂੰ ਕੋਈ ਨਹੀਂ ਜਾਣ ਸਕਦਾ ਤਾਂ ਤੂੰ ਕਿਸ ਤਰ੍ਹਾਂ ਜਾਣਦਾ ਹੈਂ ? ਜਿਸ ਪਰਕਾਰ ਕੋਠੀ ਵਿੱਚ ਸੱਪ ਦੱਸਕੇ ਆਖਣ ਵਾਲੇ ਦਾ "ਕੋਈ ਨਹੀਂ ਜਾਣਦਾ" ਕਥਨ ਕਰਨਾ ਝੂਠਾ ਹੈ ਏਸੇ ਪਰਕਾਰ ਇਸ ਦਾ ਭੀ ਚਾਰ ਪਰਕਾਰ ਦੀ ਬਾਣੀ ਦੱਸਕੇ ਫਿਰ ਆਖਣਾ ਕਿ "ਕੋਈ ਨਹੀਂ ਜਾਣਦਾ" ਕਥਨ ਝੂਠਾ ਹੈ, ਅਰ ਸਿੱਧ ਹੋਇਆ ਕਿ ਜਿਸ ਤਰ੍ਹਾਂ ਇਹ ਜਾਣਦਾ ਹੈ ਓਸੇ ਤਰ੍ਹਾਂ ਸਭ ਹੋਰ ਲੋਗ ਭੀ ਜਾਣਦੇ ਹਨ॥

*ਪ੍ਰਸ਼ਨ*

ਦੋਹਿਰਾ—ਮਾਰੀ ਏਹ ਉਖੇੜ ਸੀ ਚੁੱਕ ਸਾਧ ਨੇ ਮੀਤ।
ਪਰ ਇਹ ਗਜਾਨੀ ਜਨਾਂ ਵਿਚ ਜਾਪੇ ਮਹਾਂ ਅਨੀਤ॥੨੬॥
ਜਿਸ ਨੂੰ ਸੁਣਕੇ ਮੈਂ ਕਰਿਆ ਓਹੋ ਉਨ ਸੇ ਹੱਥ।

**ਰੋਕਿਆ ਨਾਲ ਦਲੀਲ ਦੇ ਵੱਡਾ ਯੁਵਤੀ ਗੱਥ॥੨੭॥**

ਭਾਵ—ਜਦ ਸਾਧੂ ਜੀ ਅਪਨਾ ਸਾਰਾ ਉੱਤ੍ਰ ਦੇ ਚੁਕੇ ਤਦ ਮੈਂ ਭੀ ਉਨ੍ਹਾਂ ਨਾਲ ਏਹੋ ਹੱਥ ਕੀਤਾ ਜੋ ਉਨ੍ਹਾਂ ਨੇ ਮੇਰੇ ਨਾਲ ਕੀਤਾ ਸੀ, ਜਿਸ ਪਰ ਮੈਂ ਇਹ ਆਖਯਾ ਕਿ ਸੁਵਾਮੀ ਜੀ ਨੇ 'ਵਦਤੋ ਥਯਾਘਾਤ" ਦੋਖ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਪਰਾ ਆਦਿਕ ਬਾਣੀਆਂ ਨੂੰ ਸਭ ਪ੍ਰਾਣੀ ਜਾਣਦੇ ਹਨ, ਇਸ ਵਾਸਤੇ ਹੁਣ ਮੈਂ ਸੁਵਾਮੀ ਜੀ ਤੇ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਚਾਰ ਅੱਖਯਰ ਬੋਲਣਾ ਚਾਹੁੰਦਾ ਹਾਂ, ਅਰ ਉਹ ਪਰਾ ਨਹੀਂ ਰਹੇ ਤੇ ਇਸੇ ਤਰ੍ਹਾਂ ਪਸ਼ੰਤੀ ਭੀ ਨਹੀਂ ਹਨ, ਕਿੰਤੂ ਉਹ ਮਧਮਾਂ ਬਾਣੀ ਰੂਪ ਹੋ ਕੇ ਮੇਰੇ ਕੰਠ ਵਿਚ ਠੈਹਰੇ ਹੋਏ ਹਨ ਜੋ ਅਜੇ ਬੈਖਰੀ ਨਹੀਂ ਹੋਏ, ਪਰੰਤੂ ਆਪ ਦੇ ਕਥਨ ਅਨੁਸਾਰ ਚਾਰੇ ਬਾਣੀਆਂ ਨੂੰ ਸਭ ਕੋਈ ਜਾਣਦਾ ਹੈ ਪਰ ਮੈਂ ਪਹਿਲੀਆਂ ਤਿੰਨਾਂ ਨੂੰ ਛੱਡ ਕੇ ਕੇਵਲ ਮੱਧਮਾਂ ਵਾਸਤੇ ਹੀ ਸੁਵਾਮੀ ਜੀ ਤੇ ਪੁੱਛਦਾ ਹਾਂ ਕਿ ਓਹ ਕਿਆ ਬਾਤ ਹੈ ਜੋ ਮੈਂ ਆਖਣਾ ਚਾਹੁੰਦਾ ਹਾਂ ?

**ਦੋਹਿਰਾ—ਪਰ ਹੁਣ ਐਥੇ ਠਹਰੀਏ ਕਰਾਂ ਨਬੇੜਾ ਇੱਕ।**
**ਸਭ ਲੋਗਾਂ ਤੇ ਪੁੱਛ ਸਾਂ ਸਮਝਨ ਕਿੱਛੋਂ ਤਿੱਕ॥੨੮॥**

ਭਾਵ—ਫਿਰ ਇਸ ਦੇ ਨਾਲ ਮੈਂ ਇਹ ਆਖਯਾ ਕਿ ਸੁਵਾਮੀ ਜੀ ਦੀ ਪ੍ਰਤੱਗਯਾ ਇਹ ਹੈ ਕਿ ਜੋ ਚਾਰੇ ਬਾਣੀਆਂ ਨੂੰ ਸਾਰੇ ਲੋਕ ਜਾਣਦੇ ਹਨ, ਇਸ ਵਾਸਤੇ ਮੈਂ ਪਹਿਲਾਂ ਇਨ੍ਹਾਂ ਲੋਕਾਂ ਤੇ ਪੁੱਛਣਾ ਚਾਹੁੰਦਾ ਹਾਂ ਕਿ ਇਹ ਆਪ ਦੇ ਕਥਨਾਨੁਸਾਰ ਕਿਥੋਂ ਤਕ ਜਾਣਦੇ ਹਨ ? ਇਤਨਾ ਆਖ ਕੇ ਮੈਂ ਅਪਨੇ ਖੱਬੇ ਪਾਸੇ ਦੇ ਲੋਕਾਂ ਵੱਲ ਮੂੰਹ ਕਰਕੇ ਪੁੱਛਿਆ ਕਿ ਭਾਈ ਦੱਸੋ ਖਾਂ ਜੋ ਮੈਂ ਕਯਾ ਆਖਣਾ ਹੈ ? ਜਿਸ ਪਰ ਉਨ੍ਹਾਂ ਵਿਚੋਂ ਇਕ ਦੋ ਨੇ ਆਖਯਾ ਕਿ ਸਾਨੂੰ ਕੀ ਖਬਰ ਹੈ ਜੋ ਤੁਸੀਂ ਕਯਾ ਆਖੋਂਗੇ ?

ਇਸ ਤੇ ਮਗਰੋਂ ਫਿਰ ਸੱਜੇ ਪਾਸੇ ਵੱਲ ਦੇ ਲੋਕਾਂ ਤੇ ਪੁੱਛਿਆ ਜਿਨ੍ਹਾਂ ਨੇ ਉਨ੍ਹਾਂ ਵਾਂਗ ਹੀ ਇਨਕਾਰ ਦਿਤਾ। ਇਹਨਾਂ ਤੇ ਮਗਰੋਂ ਸਾਹਮਣੇ ਵਾਲੇ ਆਦਮੀਆਂ ਤੇ ਇਹੋ ਸਵਾਲ ਪੁਛਿਆ ਜਿਸ ਪਰ ਸਭ ਲੋਗ ਹੱਸ ਪਏ ਅਰ ਆਖਣ ਲੱਗੇ ਕਿ ਸਾਨੂੰ ਕਿਆ ਖਬਰ ਹੈ ਜੋ ਤੁਸੀਂ ਕਿਆ ਪੁੱਛਣਾ ਚਾਹੁੰਦੇ ਹੋ, ਇਸਦਾ ਉਤ੍ਰ ਮੈਂ ਉਨ੍ਹਾਂ ਨੂੰ ਇਹ ਦਿੱਤਾ ਕਿ ਭਾਈਓ ਸੁਵਾਮੀ ਜੀ ਆਖਦੇ ਹਨ ਕਿ ਚਾਰ ਬਾਣੀਆਂ ਨੂੰ ਸਭ ਕੋਈ ਜਾਣਦਾ ਹੈ ਪਰ ਖੱਬੇ ਪਾਸੇ ਦੇ ਆਦਮੀਆਂ ਨੇ ਇਸ ਬਾਤੋਂ ਪੁੱਛਣ ਤੇ ਜਵਾਬ ਦਿਤਾ ਹੈ ਅਰ ਫਿਰ ਸੱਜੇ ਪਾਸੇ ਦੇ ਭੀ ਤਿੰਨਾਂ ਬਾਣੀਆਂ ਦੇ ਗਯਾਨ ਤੇ ਅਗਯਾਤ ਹਨ ਪਰੰਤੂ ਤੁਸੀਂ ਤਾਂ ਸੁਵਾਮੀ ਜੀ ਦੇ ਕਥਨ ਨੂੰ ਸੱਚਾ ਕਰੋ ਅਰ ਦੱਸੋ ਜੋ ਮੈਂ ਕਯਾ ਬੋਲਣਾ ਹੈ। ਇਸ ਕਥਨ ਨੂੰ ਸੁਣਕੇ ਸਭਨਾਂ ਨੇ ਕੰਨਾਂ ਪਰ ਹੱਥ ਧਰ ਲਏ ਅਰ ਕੋਈ ਨ ਬੋਲਯਾ ਅਤੇ ਹੱਸਣ ਲੱਗ ਗਏ॥

ਜਦ ਸਾਰੇ ਦੇ ਸਾਰੇ ਇਨਕਾਰੀ ਪਾਏ ਤਦ ਮੈਂ ਸੁਵਾਮੀ ਜੀ ਨੂੰ ਆਖਯਾ ਕਿ

ਆਪ ਦਾ ਕਥਨ ਜੋ ਇਹ ਹੈ ਕਿ ਸਾਰੇ ਲੋਗ ਸਭਨਾਂ ਬਾਣੀਆਂ ਨੂੰ ਜਾਣਦੇ ਹਨ ਸੋ ਸੱਚਾ ਨਹੀਂ ਹੈ ਕਿਉਂਕਿ ਮੇਰੇ ਪੁਛਨੇ ਪਰ ਕੋਈ ਭੀ ਨਹੀਂ ਦਸਦਾ ਜਿਸਤੇ ਸੁਵਾਮੀ ਜੀ ਦਾ ਕਥਨ ਬਿਲਕੁਲ ਝੂਠਾ ਹੈ ਅਰ ਮੇਰਾ ਖਯਾਲ ਸੱਚਾ ਹੈ॥

**ਦੋਹਿਰਾ—ਪਰ ਮੈਂ ਸ਼ਾਇਦ ਭੁੱਲਯਾ ਇਸ ਆਖਨ ਵਿਚ ਕੁਝ॥**
**ਸ਼ਾਇਦ ਸੁਵਾਮੀ ਲੈਨਗੇ ਮੇਰੇ ਦਿਲ ਦੀ ਬੁੱਝ॥੨੯॥**
**ਨਹੀਂ ਗਯਾਤੇ ਵੇਦ ਦੇ ਇਹ ਸਭ ਲੋਗ ਅਜਾਨ॥**
**ਜਿਸਤੇ ਮੇਰੀ ਬਾਤ ਦਾ ਨਹੀਂ ਇਨ੍ਹਾਂ ਨੂੰ ਗਿਆਨ॥੩੦॥**
**ਪਰ ਸੁਵਾਮੀ ਜੀ ਵੇਦ ਦੇ ਹਨ ਵੇਤੇ ਸਰਬੱਗ॥**
**ਜਿਸਤੇ ਮੇਰੀ ਬਾਤ ਨੂੰ ਆਖਣ ਖੋਲ੍ਹ ਅਲੱਗ॥੩੧॥**

ਭਾਵ—ਮਾਲੂਮ ਹੁੰਦਾ ਹੈ ਕਿ ਮੈਂ ਇਸ ਜਗ੍ਹਾ ਭੁੱਲ ਕਰਦਾ ਹਾਂ ਕਿਉਂਕਿ ਜਿਨ੍ਹਾਂ ਅਨਪੜ੍ਹ ਲੋਗਾਂ ਤੇ ਪੁੱਛਦਾ ਹਾਂ ਸੋ ਵੇਦ ਨਹੀਂ ਜਾਣਦੇ ਅਰ ਨਾ ਉਹ ਸਰਬੱਗਯ ਹਨ, ਕਿੰਤੂ ਸੁਵਾਮੀ ਜੀ ਜੋ ਵੇਦ ਦੇ ਵੇਤਾ ਅਰ ਤੀਖਣ ਬੁਧਿ ਵਾਲੇ ਵਿੱਦਵਾਨ ਹਨ ਸੋ ਤਾਂ ਚਾਰੇ ਬਾਣੀਆਂ ਨੂੰ ਜ਼ਰੂਰ ਜਾਣਦੇ ਹੋਣਗੇ, ਇਸ ਵਾਸਤੇ ਮੈਂ ਹੁਣ ਸੁਵਾਮੀ ਜੀ ਤੇ ਪੁਛਦਾ ਹਾਂ, ਅਰ ਸਾਰੇ ਸਭਾ ਸਦਾਂ ਨੂੰ ਖਯਾਲ ਰਖਣਾ ਚਾਹੀਦਾ ਹੈ ਕਿ ਮੈਂ ਕਯਾ ਪੁੱਛਦਾ ਹਾਂ ਅਰ ਸੁਵਾਮੀ ਜੀ ਇਸਦਾ ਕਯਾ ਉੱਤਰ ਦੇਂਦੇ ਹਨ॥

**ਦੋਹਿਰਾ—ਇਤਨਾ ਸਭ ਨੂੰ ਦੱਸਕੇ ਪੁੱਛਿਆ ਸਾਧੂ ਫੇਰ।**
**ਦੱਸੋ ਖਾਂ ਹੁਣ ਸੰਤ ਜੀ ਕਯਾ ਮੈਂ ਆਖਾਂ ਟੇਰ॥੩੨॥**
**ਏਹ ਲੋਗ ਤਾਂ ਮੂੜ ਹਨ ਨਹੀਂ ਜਾਨਦੇ ਰੰਚ।**
**ਤੁਮ ਗਯਾਤੇ ਹੋ ਵੇਦ ਦੇ ਸਮਝੋ ਗਤਿ ਪ੍ਰਪੰਚ॥੩੩॥**

ਭਾਵ—ਜਦ ਮੈਂ ਕਿਹਾ ਕਿ ਸੁਵਾਮੀ ਜੀ ਇਹ ਲੋਗ ਤਾਂ ਵੇਦ ਵਿੱਦਯਾ ਤੇ ਹੀਨ ਹੋਣੇ ਦੇ ਕਾਰਨ ਮੇਰੀ ਮੱਧਮਾਂ ਬਾਣੀ ਨੂੰ ਨਹੀਂ ਜਾਣ ਸਕਦੇ ਪਰੰਤੂ ਆਪ ਹੀ ਦੱਸੋ ਕਿਉਂਕਿ ਆਪ ਤਾਂ ਵੇਦਾਂ ਦੇ ਗਯਾਤੇ ਹੋ ਅਰ ਨਾਲੇ ਆਪ ਦੀ ਇਹ ਪ੍ਰਤੱਗਯਾ ਹੈ ਕਿ ਚਾਰੇ ਬਾਣੀਆਂ ਨੂੰ ਸਭ ਜਾਣਦੇ ਹਨ, ਸੋ ਭਾਵੇਂ ਸਭ ਨਹੀਂ ਕਿੰਤੂ ਆਪ ਤਾਂ ਜ਼ਰੂਰ ਜਾਣਦੇ ਹੋਵੋਗੇ ਇਸ ਵਾਸਤੇ ਕਹੋ ਕਿ ਜੋ ਮੈਂ ਹੁਣ ਬੋਲਣਾ ਚਾਹੁੰਦਾ ਹਾਂ ਸੋ ਕਯਾ ਹੈ ?

ਉੱਤਰ—ਭਈ ਤੁਮ ਕਹੋ ਤੋ ਸਹੀ ਜੋ ਤੁਮ੍ਹਾਰਾ ਮਨੋਰਥ ਹੈ ਜਿਸਕੋ ਹਮ ਸਮਝੇਂ ?

ਪ੍ਰਸ਼ਨ—ਸੁਵਾਮੀ ਜੀ ਜੇ ਮੈਂ ਉਸਨੂੰ ਬੈਖਰੀ ਬਾਣੀ ਕਰ ਦਿੱਤਾ ਤਦ ਤਾਂ ਸਾਰੇ ਪੁਰਖ ਸਮਝ ਜਾਣਗੇ ਫਿਰ ਆਪ ਵਿਚ ਅਰ ਇਨ੍ਹਾਂ ਲੋਗਾਂ ਵਿਚ ਕਯਾ ਭੇਦ



 www.sikhbookclub.com

ਰਹੇਗਾ ? ਇਸ ਵਾਸਤੇ ਆਪ ਦੇਰੀ ਨਾ ਕਰੋ ਛੇਤੀ ਦੱਸੋ ਜੋ ਮੈਂ ਕਯਾ ਆਖਣਾ ਹੈ ?

ਉੱਤਰ—ਤੁਮ ਬਤਾਓ ਜੋ ਤੁਮ੍ਹਾਰੇ ਮਨ ਮੇਂ ਹੈ ਭਲਾ ਹਮਕੋ ਉਸ ਕੀ ਕਯਾ ਖਬਰ ਹੈ ਜਬ ਤਕ ਤੁਮ ਜ਼ਬਾਨੀ ਪ੍ਰਗਟ ਨ ਕਰੋਗੇ॥

ਪ੍ਰਸ਼ਨ—ਸੁਵਾਮੀ ਜੀ ਆਪ ਤਾਂ ਆਖਦੇ ਸੇ ਕਿ ਸਾਰੇ ਲੋਗ ਜਾਣਦੇ ਹਨ ਪਰੰਤੂ ਇਹ ਤਾਂ ਆਪ ਨੂੰ ਖ਼ਬਰ ਨਹੀਂ ਹੈ ਫਿਰ ਕਿਸ ਤਰ੍ਹਾਂ ਆਪ ਨੇ ਆਖਯਾ ਸਾ ਕਿ ਸਭ ਨੂੰ ਗਯਾਨ ਹੈ ?

ਇਸ ਪਰ ਲੋਗਾਂ ਨੇ ਤਾਲੀਆਂ ਬਜਾਈਆਂ ਅਰ ਸਭ ਗਦ ਗਦ ਹੋ ਗਏ, ਪਰੰਤੂ ਜੋ ਉਨ੍ਹਾਂ ਦੇ ਬਹੁਤ ਸ਼ਰਧਾਲੂ ਭਗਤ ਜਨ ਸੇ, ਸੋ ਚਿੱਤ ਵਿਚ ਮੁਰਝਾਇ ਗਏ, ਅਰ ਸੋਚਣ ਲਗੇ ਕਿ ਸੁਵਾਮੀ ਜੀ ਤਾਂ ਹੁਣ ਕੁਥਾਇ ਆਇ ਫਸੇ।

ਉੱਤਰ—ਤੁਮ ਸਮਯ ਵਿਅਰਥ ਨਾ ਖੋਵੋ ਜੋ ਤੁਮਾਰੀ ਇੱਛਾ ਹੈ ਸੋ ਪ੍ਰਗਟ ਕਰੋ, ਹਮ ਕੋਈ ਈਸ਼ਵਰ ਨਹੀਂ ਜੋ ਤੁਮਾਰੇ ਮਨ ਕੀ ਬਾਤ ਪ੍ਰਗਟ ਕਰ ਸਕੇਂ॥

ਪ੍ਰਸ਼ਨ—ਸੁਵਾਮੀ ਜੀ ਮੈਂ ਤਾਂ ਸਮਾਂ ਬਿਅਰਥ ਨਹੀਂ ਖੋ ਰਿਹਾ ਪਰੰਤੂ ਆਪ ਹੀ ਉੱਤਰ ਨਹੀਂ ਦੇਂਦੇ, ਇਸ ਵਾਸਤੇ ਜੇ ਆਪ ਨੂੰ ਸਮਯ ਦਾ ਲਿਹਾਜ਼ ਹੈ ਤਾਂ ਯਾ ਤਾਂ ਉੱਤ੍ਰ ਦੇਓ ਨਹੀਂ ਆਖੋ ਕਿ ਤਿੰਨ ਬਾਣੀਆਂ ਨੂੰ ਕੋਈ ਨਹੀਂ ਜਾਣਦਾ ਅਰ ਸਾਨੂੰ ਭੀ ਖਬਰ ਨਹੀਂ ਹੈ, ਜੋ ਉਹ ਕਿਆ ਹੁੰਦੀਆਂ ਹਨ॥

ਉੱਤਰ—ਹਮ ਨਹੀਂ ਬਤਾ ਸਕਤੇ ਕਿ ਤੁਮਾਰੇ ਮਨ ਮੇਂ ਕਿਆ ਹੈ ਅਰ ਕਿਆ ਕਹੋਗੇ। ਜਬ ਬੋਲੋਗੇ ਤਬ ਹਮ ਉੱਤਰ ਦੇਂਗੇ॥

ਪ੍ਰਸ਼ਨ—ਸੁਵਾਮੀ ਜੀ ਆਪ ਤਾਂ ਆਖਦੇ ਸੇ ਕਿ ਸਾਰੀਆਂ ਬਾਣੀਆਂ ਨੂੰ ਹਰ ਕੋਈ ਜਾਣਦਾ ਹੈ ਪਰੰਤੂ ਮੇਰੀ ਮਧਮਾਂ ਬਾਣੀ ਦੇ ਚਾਰ ਅੱਖਰਾਂ ਨੂੰ ਤਾਂ ਆਪਦੇ ਸਮੇਤ ਕੋਈ ਭੀ ਨਹੀਂ ਜਾਣਦਾ, ਜਿਸ ਨੂੰ ਤੁਸੀਂ ਆਪ ਅੰਗੀਕਾਰ ਕਰਦੇ ਹੋ॥

**ਦੋਹਿਰਾ—ਜੇ ਮੇਰੀ ਇਕ ਜੀਵ ਦੀ ਬਿਨਾਂ ਬੈਖਰੀ ਬਾਤ।**
**ਤੁਸੀਂ ਨ ਸਮਝੇ ਸਾਧ ਜੀ ਫਿਰ ਈਸ਼ਵਰ ਕਿਹ ਭਾਤ॥ ੩੪॥**

ਭਾਵ—ਵੱਡੇ ਅਚਰਜ ਦੀ ਬਾਤ ਹੈ ਕਿ ਜਦ ਮੇਰੀ ਤੁੱਛ ਜੀਵ ਦੀ ਜਿਸ ਦਾ ਅਲਪ ਗਯਾਨ ਅਤੇ ਸਥੂਲ ਸ਼ਰੀਰ ਹੈ, ਬਾਣੀ ਨੂੰ ਬੈਖਰੀ ਹੋਈ ਤੇ ਬਿਨਾਂ ਕੋਈ ਨਹੀਂ ਜਾਣਦਾ ਤਾਂ ਈਸ਼ਵਰ ਦਾ ਗਿਆਨ ਇਹ ਜੀਵ ਕਿਸ ਤਰ੍ਹਾਂ ਸਮਝ ਸਕਦੇ ਹਨ, ਕਿਉਂਕਿ ਬਹੁਤ ਸਾਰੇ ਮਹਾਤਮਾਂ ਨੇ ਉਸ ਨੂੰ "ਅਪ੍ਰਣੰ ਮਨਹੀਨ ਸਵਾਮੀ" ਕਰ ਕੇ ਕਥਨ ਕੀਤਾ ਹੈ, ਜਿਸ ਦਾ ਭਾਵ ਇਹ ਹੈ ਕਿ ਮਨ ਅਤੇ ਪ੍ਰਾਣਾਦਿਕ ਤੇ ਓਹ ਰਹਤ ਹੈ ਜਿਸ ਦਾ ਤਾਤਪਰਜ ਉਸ ਦੀ ਸਥੂਲਤਾ ਖੰਡਨ ਵਿਚ ਹੈ, ਫਿਰ ਇਹ ਭੀ ਆਖਯਾ ਹੈ ਕਿ "ਯਤੋ ਵਾਚਾ ਨਿਵਰਤੰਤ ਆਪ੍ਰਾਪ ਮਨਸਾ ਸਹਾ" ਅਰਥਾਤ ਬਾਣੀ ਉਸ ਨੂੰ ਕਥਨ ਨਹੀਂ ਕਰ ਸਕਦੀ ਅਤੇ ਮਨ ਤੇ ਭੀ ਅਗੋਚਰ ਹੈ,



 www.sikhbookclub.com

ਫਿਰ ਸੁਵਾਮੀ ਜੀ ਕਿਸ ਤਰ੍ਹਾਂ ਸਾਬਤ ਕਰ ਸਕਦੇ ਹਨ ਕਿ ਇਹ ਵੇਦ ਦੇ ਮੰਤ੍ਰ ਜੋ ਮਨੁੱਖ ਤੋਂ ਬਿਨਾਂ ਕਿਸੇ ਤਰ੍ਹਾਂ ਬੋਲੇ ਹੀ ਨਹੀਂ ਜਾਂਦੇ ਈਸ਼ਵਰ ਨੇ ਆਖੇ ਸੇ ?

ਇਸ ਵਾਸਤੇ ਆਪ ਦਾ ਕਥਨ ਠੀਕ ਨਹੀਂ ਹੈ, ਅਰ ਜੋ ਮੈਂ ਆਖਦਾ ਹਾਂ ਕਿ ਵੇਦ ਬੈਖਰੀ ਬਾਨੀ ਹਨ ਸੋ ਠੀਕ ਹੈ ਪਰੰਤੂ ਉਹ ਕਦੇ ਭੀ ਨਹੀਂ ਆਉਂਦੇ ਜਿਤਨਾ ਚਿਰ ਇਨ੍ਹਾਂ ਦਾ ਉਚਾਰਨ ਸਥੂਲ ਸਰੀਰ ਰਾਹੀਂ ਮਨੁੱਖ ਦੇ ਮੂੰਹੋਂ ਨਾ ਹੋਵੇ, ਇਸ ਵਾਸਤੇ ਸੁਵਾਮੀ ਜੀ ਨੂੰ ਚਾਹੀਦਾ ਹੈ ਕਿ ਇਸ ਦਾ ਉੱਤ੍ਰ ਅੱਛੀ ਤਰ੍ਹਾਂ ਵਿਚਾਰ ਕੇ ਦੇਣ। ਇਸ ਪਰ ਚਾਰੇ ਪਾਸਿਆਂ ਤੇ ਤਾਲੀਆਂ ਵੱਜੀਆਂ ਅਰ ਸਭ ਅਨੰਦ ਹੋ ਗਏ।

**ਦੋਹਿਰਾ—ਸੁਣ ਕੇ ਏਸ ਪ੍ਰਸੰਗ ਨੂੰ ਗਈ ਚੌਕੜੀ ਭੁੱਲ।**
**ਮਨ ਵਿਚ ਸਮਝਿਆ ਸਾਧ ਨੇ ਗਇਆ ਭੇਦ ਸਭ ਖੁੱਲ॥ ੩੫॥**
**ਜਿਸ ਪਰ ਨਾਲ ਖਯਾਲ ਦੇ ਲੱਗੇ ਉੱਤਰ ਦੈਨ।**
**ਸਭ ਲੋਗਾਂ ਦੀ ਵੱਲ ਪਿਖ ਇਉਂ ਬੋਲੇ ਮੁਖ ਬੈਨ॥ ੩੬॥**
**ਅਹੋ ਹਮਾਰੇ ਕਥਨ ਕੋ ਨਹੀਂ ਵਿਚਾਰਿਆ ਏਸ।**
**ਜੋ ਚਹੁ ਰਿਖੀਆਂ ਕੋ ਕਰਾ ਈਸ਼ਵਰ ਨੇ ਉਪਦੇਸ਼॥ ੩੭॥**

ਭਾਵ—ਜਦ ਸੁਵਾਮੀ ਜੀ ਦੇਖਯਾ ਕਿ ਹੁਣ ਟਾਲਵਾਲ ਨਾਲ ਕੰਮ ਨਹੀਂ ਚੱਲਣਾ ਤਦ ਲੋਗਾਂ ਦੇ ਵੱਲ ਦੇਖਕੇ ਇਸ ਤਰ੍ਹਾਂ ਉੱਤਰ ਦੇਣ ਲੱਗੇ, ਕਿ ਅਸੀਂ ਆਪਣੇ ਪਹਿਲੇ ਵੱਖਯਾਨਾਂ ਵਿਚ ਸਿਧ ਕਰ ਆਏ ਹਾਂ ਕਿ ਵੇਦ ਈਸ਼ਵਰ ਦਾ ਗਯਾਨ ਹੈ, ਅਰ ਉਹ ਗਯਾਨ ਅਗਨੀ, ਵਾਯੂ, ਆਦਿਤ ਅਤੇ ਅੰਗਰਾਂ ਚਾਰ ਰਿਖੀਆਂ ਦੇ ਰਿਦੇ ਵਿਚ ਪ੍ਰਕਾਸ਼ਤ ਹੋਇਆ ਸਾ, ਜਿਸ ਨੂੰ ਉਨ੍ਹਾਂ ਨੇ ਅਪਣੇ ਮੁਖਾਰਬਿੰਦ ਤੇ ਮੰਤ੍ਰ ਰੂਪ ਕਰਕੇ ਉਚਾਰਨ ਕੀਤਾ, ਇਸ ਯੁਕਤੀ ਨਾਲ ਸਿੱਧ ਹੋ ਗਿਆ ਕਿ ਈਸ਼ਵਰ ਦਾ ਗਯਾਨ ਚਾਰੇ ਰਿਖੀਆਂ ਨੂੰ ਹੋਇਆ ਫਿਰ ਚਾਰੇ ਰਿਖੀਆਂ ਨੇ ਜਦ ਪ੍ਰਗਟ ਕੀਤਾ ਤਦ ਸ਼ਬਦ ਰੂਪ ਹੋ ਕੇ ਮੰਤ੍ਰ ਬਣ ਗਏ ਇਸ ਵਾਸਤੇ ਇਸ ਦੀ ਸ਼ੰਕਾ ਦਾ ਉੱਤਰ ਅਸੀਂ ਅਪਣੇ ਵਖਯਾਨਾਂ ਵਿਚ ਪਹਿਲੇ ਹੀ ਕਰ ਆਏ ਸੇ ਪਰੰਤੂ ਪ੍ਰਤੀਤ ਹੁੰਦਾ ਹੈ ਕਿ ਇਸ ਦੇ ਯਾਦ ਨਹੀਂ ਰਿਹਾ॥

**ਦੋਹਿਰਾ—ਇਸ ਆਖਨ ਤੇ ਤੁਰਤ ਮੈਂ ਕਹੀ ਸੰਤ ਨੂੰ ਬਾਤ।**
**ਹੁਣ ਉੱਤਰ ਕੁਛ ਮਿਲੇਗਾ ਮੈਂ ਜਾਨਿਆ ਵੱਖਯਾਤ॥ ੩੮॥**
**ਪਰ ਇਸ ਮਹਿ ਇਕ ਸੰਕ ਹੈ ਉਪਜੀ ਮਨ ਦੇ ਮਾਂਹਿ।**
**ਜੋ ਵੇਦਾਂ ਨੂੰ ਈਸ ਕ੍ਰਿਤ ਸਾਬਤ ਕਰਦੀ ਨਾਂਹਿ॥ ੩੯॥**

ਭਾਵ—ਇਸ ਉੱਤਰ ਨੂੰ ਸੁਣਦੇ ਸਾਰ ਮੈਂ ਆਖਿਆ ਕਿ ਸੁਵਾਮੀ ਜੀ ਨੇ ਹੁਣ ਆਪਣਾ ਅਸਲੀ ਰਸਤਾ ਪਕੜ ਲੀਤਾ ਹੈ, ਜਿਸ ਤੇ ਆਸ਼ਾ ਪੈਂਦੀ ਹੈ ਕਿ ਹੁਣ ਮੇਰਾ ਉੱਤਰ ਪੂਰਾ ਪੂਰਾ ਦੇਣਗੇ ਪਰੰਤੂ ਇਸ ਕਥਨ ਪਰ ਭੀ ਮੇਰੇ ਚਿਤ ਵਿਚ ਸ਼ੰਕਾ ਉਤਪਤ ਹੋ ਗਈ ਹੈ ਕਿ ਪਹਿਲੇ ਸੁਵਾਮੀ ਜੀ ਦੀ ਪ੍ਰਤੱਗਯਾ ਇਹ ਸੀ ਵੇਦ

ਈਸ਼ਵਰ ਦੀ ਬਾਣੀ ਹਨ ਪਰੰਤੂ ਹੁਣ ਇਨ੍ਹਾਂ ਨੇ ਆਪਣੇ ਮੂੰਹੋਂ ਹੀ ਇਹ ਆਖ ਦਿਤਾ ਕਿ ਵੇਦ ਈਸ਼ਵਰ ਦੀ ਬਾਣੀ ਨਹੀਂ ਹਨ ਕਿੰਤੂ ਈਸ਼ਵਰ ਦਾ ਗਯਾਨ ਹਨ, ਅਰ ਬਾਣੀ ਅਗਨੀ ਵਾਯੂ, ਆਦਿਤ ਅਤੇ ਅੰਗ੍ਰਾਂ ਆਦਿਕ ਇਨ੍ਹਾਂ ਚਾਰ ਰਿਖੀਆਂ ਦੀ ਹਨ ਸੋ ਵੇਦ ਪੌਰਖੇਯ ਅਰਥਾਤ ਮਨੁੱਖ ਰਚਤ ਤਾਂ ਸੁਵਾਮੀ ਜੀ ਦੇ ਕਥਨ ਤੋਂ ਹੀ ਸਿੱਧ ਹੋ ਗਏ ਕਿਉਂਕਿ ਇਨ੍ਹਾਂ ਨੇ ਇਹ ਚਾਰੇ ਪੁਸਤਕ ਚਾਰ ਰਿਖੀਆਂ ਦੇ ਬਣਾਏ ਕਥਨ ਕੀਤੇ ਹਨ।

**ਦੋਹਿਰਾ—ਹੁਣ ਈਸ਼ਵਰ ਦੇ ਗਯਾਨ ਦਾ, ਪੁਛਦਾ ਹਾਂ ਬਿਰਤਾਂਤ।**
**ਜਿਸ ਤੇ ਪ੍ਰਗਟ ਹੋਇਗਾ, ਸਵਾਮੀ ਦਾ ਸਿੱਧਾਂਤ॥੪੦॥**
**ਕਹੋ ਗਯਾਨ ਉਹ ਨਿੱਤ ਹੈ, ਯਾ ਹੈ ਸੋਇ ਅਨਿੱਤ।**
**ਪੁਨ ਈਸ਼ਵਰ ਹੈ ਸਦਾ ਹੀ, ਹੋਤ**
**ਗਯਾਨ ਜਿਹ ਚਿੱਤ॥੪੧॥**

ਭਾਵ—ਦੂਸਰਾ ਪੱਖ ਜੋ ਸੁਵਾਮੀ ਜੀ ਦਾ ਇਹ ਹੈ ਕਿ ਵੇਦ ਈਸ਼੍ਵਰ ਦਾ ਗਯਾਨ ਹੈ ਜੋ ਚਾਰਾਂ ਰਿਖੀਆਂ ਨੂੰ ਹੋਇਆ ਸਾ ਇਸ ਪਰ ਮੈਂ ਇਹ ਪ੍ਰਸ਼ਨ ਕਰਦਾ ਹਾਂ ਕਿ ਉਹ ਗਯਾਨ ਜਦ ਚਾਰੇ ਰਿਖੀਆਂ ਪਰ ਹੋਇਆ ਸਾ ਤਦ ਕੋਈ ਹੋਰ ਆਦਮੀ ਭੀ ਉਸ ਵੇਲੇ ਸਨ ਯਾ ਓਹ ਚਾਰੇ ਹੀ ਆਦਮੀ ਸੇ ? ਇਸ ਦਾ ਉੱਤਰ ਪ੍ਰਸ਼ਨ ਇਸ ਤਰ੍ਹਾਂ ਹੋਇਆ॥

ਉਤਰ—ਹਾਂ ਔਰ ਆਦਮੀ ਭੀ ਬਹੁਤ ਸੇ।

ਪ੍ਰਸ਼ਨ—ਫਿਰ ਇਹ ਕਯਾ ਕਾਰਨ ਹੈ ਜੋ ਉਨ੍ਹਾਂ ਚਾਰਾਂ ਪਰ ਹੀ ਈਸ਼੍ਵਰ ਦਾ ਗਯਾਨ ਉਤਰਿਆ ਅਤੇ ਬਾਕੀ ਦਿਆਂ ਪਰ ਨਾ ਪ੍ਰਗਟ ਹੋਇਆ ?

ਉੱਤਰ—ਈਸ਼੍ਵਰ ਕੇ ਗਯਾਨ ਕਾ ਪ੍ਰਤਿ ਬਿੰਬ ਸ਼ੁੱਧ ਅੰਤਹਿ ਕਰਨ ਮੇਂ ਭਾਸਤਾ ਹੈ ਜੈਸੇ ਕਿ ਸ਼ੁੱਧ ਜਲ ਮੇਂ ਸੂਰਜ ਕਾ ਪ੍ਰਤਿਬਿੰਬ ਭਾਸਤਾ ਹੈ ਜਿਸ ਪ੍ਰਕਾਰ ਮਲਨ ਜਲ ਮੇਂ ਸੂਰਜ ਕਾ ਪ੍ਰਤਿਬਿੰਬ ਨਹੀਂ ਭਾਸਤਾ ਇਸੀ ਪ੍ਰਕਾਰ ਮਲਨ ਅੰਤਹਿ ਕਰਨ ਮੇਂ ਈਸ਼੍ਵਰ ਕਾ ਗਯਾਨ ਪ੍ਰਕਾਸ਼ਤ ਨਹੀਂ ਹੋਤਾ ਹੈ। ਇਸ ਲੀਏ ਉਨ ਚਾਰੋਂ ਰਿਖੀਓਂ ਕੇ ਰਿਦੇ ਸ਼ੁੱਧ ਥੇ ਜਿਨ ਵਿਖੇ ਈਸ਼੍ਵਰ ਕੇ ਗਯਾਨ ਕਾ ਪ੍ਰਤਿਬਿੰਬ ਪੜ ਗਿਆ ਪ੍ਰੰਤੂ ਔਰ ਲੋਗੋਂ ਕੇ ਰਿਦੇ ਸ਼ੁੱਧ ਨਹੀਂ ਥੇ ਜਿਸ ਸੇ ਨਾ ਪੜਾ॥

ਪ੍ਰਸ਼ਨ—ਸੁਵਾਮੀ ਜੀ ਵਿਚਾਰ ਕੇ ਦੱਸਣ ਕਿ ਈਸ਼੍ਵਰ ਅਤੇ ਉਸ ਦਾ ਗਯਾਨ ਅਲਪੱਗਯ ਹੈ ਯਾ ਸਰਬੱਗਯ ਇਸ ਪ੍ਰਕਾਰ ਇਹ ਭੀ ਕਥਨ ਕਰਨ ਕਿ ਉਹ ਗਯਾਨ ਅਤੇ ਈਸ਼੍ਵਰ ਨਿੱਤ ਹਨ ਯਾ ਅਨਿੱਤ॥

ਉੱਤਰ—ਈਸ਼ਵਰ ਔਰ ਉਸ ਕਾ ਗਯਾਨ ਨਿੱਤ ਹੈ, ਅਨਿੱਤ ਨਹੀਂ ਹੈ ਇਸੀ ਪ੍ਰਕਾਰ ਵਹੁ ਈਸ਼੍ਵਰ ਭੀ ਨਿੱਤ ਹੈ॥

 www.sikhbookclub.com

ਪ੍ਰਸ਼ਨ—ਫਿਰ ਜੇ ਉਸ ਈਸ਼੍ਵਰ ਦੇ ਗਯਾਨ ਦਾ ਸੂਰਜ ਦੇ ਪ੍ਰਕਾਸ਼ ਵਾਂਗ ਬੁਧਿ ਵਿਚ ਪ੍ਰਤਿਬਿੰਬ ਦੀ ਨਯਾਈਂ ਪਰਕਾਸ਼ਤ ਹੋਣ ਦਾ ਸੁਭਾਵਕ ਧਰਮ ਹੈ ਤਾਂ ਉਸ ਵੇਲੇ ਉਹ ਹੋਰਨਾਂ ਪੁਰਖਾਂ ਦੇ ਅੰਤਹਿ ਕਰਨ ਵਿਚ ਪਰਕਾਸ਼ਤ ਕਯੋਂ ਨਾ ਹੋਇਆ ਅਰ ਉਨ੍ਹਾਂ ਹੀ ਚਾਰਾਂ ਦੇ ਅੰਤਹਿ ਕਰਣ ਵਿਚ ਕਯੋਂ ਹੋਇਆ ? ਫਿਰ ਓਹੋ ਈਸ਼੍ਵਰ ਅਤੇ ਉਸ ਦਾ ਗਯਾਨ ਇਸ ਵੇਲੇ ਭੀ ਹੈ ਇਸ ਵਾਸਤੇ ਅੱਜ ਕਲ ਬਿਨਾਂ ਪੜ੍ਹਾਏ ਤੇ ਇਹ ਵੇਦ ਦੇ ਮੰਤਰ ਹਰ ਇਕ ਆਦਮੀ ਨੂੰ ਕਿਉਂ ਨਹੀਂ ਆ ਜਾਂਦੇ ਕਿਉਂਕਿ ਇਹ ਨਿਯਮ ਹੈ ਕਿ ਜਿਥੇ ਜਲ ਹੋਵੇਗਾ ਓਥੇ ਸੂਰਜ ਦਾ ਪ੍ਰਤਿਬਿੰਬ ਜ਼ਰੂਰ ਪਏਗਾ ਇਸੇ ਤਰ੍ਹਾਂ ਜਿਸ ਜਗ੍ਹਾ ਅੰਤਹਿ ਕਰਣ ਹੈ ਉਸ ਜਗ੍ਹਾ ਈਸ਼੍ਵਰ ਦਾ ਗਯਾਨ ਭੀ ਅਵੱਸ਼ ਹੋਣਾ ਜੋਗ ਹੈ ਜਿਸ ਤੇ ਹਰ ਇਕ ਪੁਰਖ ਨੂੰ ਬਿਨਾਂ ਹੀ ਪੜ੍ਹਾਏ ਤੇ ਵੇਦ ਆਇ ਜਾਣੇ ਚਾਹੀਦੇ ਹਨ ਫਿਰ ਇਹ ਕਯੋਂ ਨਹੀਂ ਆਉਂਦੇ ?

ਉੱਤਰ—ਜਿਸ ਪਰਕਾਰ ਸ਼ੁੱਧ ਜਲ ਵਿਚ ਸੂਰਜ ਦਾ ਪ੍ਰਤੀਬਿੰਬ ਭਾਸਦਾ ਹੈ ਅਤੇ ਮਲਨ ਵਿਚ ਨਹੀਂ ਦਿੱਸਦਾ ਇਸੇ ਪਰਕਾਰ ਜਿਨ੍ਹਾਂ ਪੁਰਖਾਂ ਦੀ ਬੁਧਿ ਰੂਪ ਜਲ ਸਤੋ ਗੁਣ ਆਦਿਕ ਸਦ ਗੁਣਾਂ ਕਰਕੇ ਸ਼ੁੱਧ ਹੋਵੇ ਉਸ ਵਿਚ ਈਸ਼੍ਵਰ ਦੇ ਗਯਾਨ ਦਾ ਪ੍ਰਕਾਸ਼ ਹੁੰਦਾ ਹੈ ਪਰੰਤੂ ਜਿਸ ਪਰਕਾਰ ਮਲਨ ਜਲ ਵਿਚ ਸੂਰਜ ਦਾ ਆਭਾਸ ਨਹੀਂ ਪੈਂਦਾ; ਇਸੇ ਪਰਕਾਰ ਰਜੋ ਤਮੋ ਕਰਕੇ ਮਲਨ ਅੰਤਹ ਕਰਣ ਵਿਚ ਈਸ਼੍ਵਰ ਦਾ ਗਯਾਨ ਨਹੀਂ ਭਾਸਦਾ ਜਿਸ ਤੇ ਹੋਰਨਾਂ ਮਨੁੱਖਾਂ ਦੇ ਰਿਦੇ ਉਸ ਸਮਯ ਸ਼ੁੱਧ ਨਹੀਂ ਸੇ, ਤਾਂ ਤੇ ਈਸ਼੍ਵਰ ਦੇ ਗਯਾਨ ਦਾ ਆਭਾਸ ਨਾ ਪਿਆ ਪਰੰਤੂ ਉਨ੍ਹਾਂ ਚਾਰੇ ਰਿਖੀਆਂ ਦੇ ਹਿਰਦੇ ਸ਼ੁੱਧ ਸਨ ਇਸੀ ਵਾਸਤੇ ਉਨ੍ਹਾਂ ਵਿਚ ਹੀ ਈਸ਼੍ਵਰ ਦਾ ਗਯਾਨ ਜੋ ਵੇਦ ਹੈ ਸੋ ਪ੍ਰਕਾਸ਼ਤ ਹੋਇਆ।

ਪ੍ਰਸ਼ਨ—ਭਲਾ ਸੁਵਾਮੀ ਆਪ ਇਹ ਕਹਿ ਸਕਦੇ ਹੋ ਕਿ ਉਸ ਵੇਲੇ ਤੋਂ ਲੈ ਕੇ ਅੱਜ ਤਕ ਕੋਈ ਰਿਖੀ ਮੁਨੀ ਸੰਤ ਮਹਾਤਮਾ ਅਤੇ ਪੰਡਿਤ ਨਹੀਂ ਹੋਇਆ ਜਿਸ ਦਾ ਹਿਰਦਾ ਸ਼ੁੱਧ ਹੋਵੇ ਯਾ ਕਿਆ ਆਪ ਕਹਿ ਸਕਦੇ ਹੋ ਕਿ ਜਦ ਤੇ ਸ੍ਰਿਸ਼ਟੀ ਬਣੀ ਹੈ ਤਦ ਤੇ ਸਾਰੇ ਦੇ ਸਾਰੇ ਪੁਰਖ ਭਰਿਸ਼ਟ ਬੁੱਧਿ ਹੀ ਚਲੇ ਆਏ ਹਨ ?

ਉੱਤਰ—ਅਸੀਂ ਕਦ ਕਿਹਾ ਹੈ ਕਿ ਸਾਰੇ ਲੋਗ ਮੰਦ ਬੁੱਧਿ ਚਲੇ ਆਏ ਹਨ, ਕਿੰਤੂ ਬਹੁਤ ਸਾਰੇ ਮਹਾਤਮਾਂ ਸੰਸਾਰ ਵਿਚ ਹੋਏ ਅਰ ਹਨ ਅਤੇ ਹੋਣਗੇ ਜਿਨ੍ਹਾਂ ਦੇ ਰਿਦੇ ਸੂਛ ਹਨ ਇਸ ਲਈ ਸਾਰੇ ਕਦੇ ਭੀ ਮੰਦ ਬੁੱਧਿ ਨਹੀਂ ਹੋ ਸਕਦੇ॥

ਪ੍ਰਸ਼ਨ— ਆਪ ਦੇ ਕਥਨ ਤੇ ਤਾਂ ਹੁਣ ਇਹ ਸਿੱਧ ਹੋ ਗਿਆ ਕੇ ਜਿਸ ਤਰ੍ਹਾਂ ਉਸ ਸਮਯ ਵਿਚ ਸ਼ੁੱਧ ਅੰਤਹ ਕਰਨ ਵਾਲੇ ਪੁਰਖ ਸੇ ਇਸ ਪਰਕਾਰ ਅੱਜ ਕੱਲ ਭੀ ਹਨ ਅਰ ਅੱਗੇ ਨੂੰ ਭੀ ਹੋਣਗੇ। ਤਾਂ ਇਸ ਪਰ ਮੈਂ ਏਹੋ ਪੁਛਦਾ ਹਾਂ ਕਿ ਜੇ ਉਸ ਵੇਲੇ ਹੋਰ ਪੁਰਖ ਭੀ ਮਲਨ ਬੁੱਧਿ ਨਹੀਂ ਸੇ ਤਾਂ ਉਨ੍ਹਾਂ ਦੇ ਰਿਦੇ ਵਿਚ ਉਸ ਬਯਾਪਕ ਨਿੱਤ ਸਰੂਪ ਈਸ਼੍ਵਰ ਦਾ ਆਭਾਸ ਵੇਦ ਕਿਉਂ ਨਾ ਪਿਆ ? ਅਰ ਉਨ੍ਹਾਂ ਪੁਰਖਾਂ ਨੂੰ



 www.sikhbookclub.com

ਭੀ ਚਾਰੇ ਰਿਖੀਆਂ ਵਾਂਗੂੰ ਸ਼ੁੱਧ ਹਿਰਦਾ ਹੋਣ ਦੇ ਕਾਰਨ ਬਿਨਾਂ ਪੜ੍ਹਾਏ ਤੇ ਚਾਰੇ ਵੇਦ ਕਿਉਂ ਨ ਆ ਗਏ ? ਅਰ ਅੱਜ ਕਲ ਭੀ ਉਹੋ ਨਿੱਤ ਈਸ਼ਵਰ ਦਾ ਆਭਾਸ ਪੁਰਖਾਂ ਦੇ ਸ਼ੁੱਧ ਰਿਦੇ ਰੂਪੀ ਜਲ ਵਿਚ ਕਿਉਂ ਨਹੀਂ ਪੈਂਦਾ ਜਿਸ ਪ੍ਰਕਾਸ਼ ਤੇ ਆਪੇ ਮੰਤਰ ਬੋਲਣ ਲਗ ਜਾਣ ? ਜਿਸ ਤਰ੍ਹਾਂ ਮਲਿਨ ਜਲ ਵਿਚ ਵੀ ਭਾਵੇਂ ਸੂਰਜ ਦਾ ਨਿਰਮਲ ਆਭਾਸ ਤਾਂ ਨਹੀਂ ਪੈਂਦਾ ਪਰੰਤੂ ਫਿਰ ਭੀ ਥੋੜਾ ਬਹੁਤ ਜ਼ਰੂਰ ਦਿਸਦਾ ਹੈ ਪਰ ਨਿਰਮਲ ਜਲ ਵਿਚ ਪੂਰਨ ਤੌਰ ਪਰ ਭਾਸਦਾ ਹੈ, ਸੋ ਇਸੇ ਤਰ੍ਹਾਂ ਜੋ ਲੋਗ ਅੱਜ ਕੱਲ ਮਲਨ ਬੁੱਧਿ ਵਾਲੇ ਭੀ ਹਨ ਉਨ੍ਹਾਂ ਦੇ ਰਿਦਜਾਂ ਵਿਚ ਭੀ ਈਸ਼ਵਰ ਦੇ ਗਜ਼ਾਨ ਦਾ ਆਭਾਸ ਜ਼ਰੂਰ ਹੋਵੇ, ਪ੍ਰੰਤੂ ਭਾਵੇਂ ਉਹ ਅਸ਼ੁੱਧ ਜੇਹੇ ਹੀ ਮੰਤਰ ਬੋਲਣ ਤੇ ਅਛੀ ਤਰ੍ਹਾਂ ਨਾ ਬੋਲ ਸਕਣ ਪਰੰਤੂ ਇਤਨਾ ਜ਼ਰੂਰ ਹੋਵੇ ਕਿ ਬਿਨਾ ਪੜ੍ਹਾਏ ਤੇ ਹੀ ਆ ਜਾਣ, ਅਰ ਜੋ ਲੋਗ ਨਿਰਮਲ ਬੁੱਧਿ ਵਾਲੇ ਹੋਣ ਜੈਸੇ ਕਿ ਸੁਵਾਮੀ ਜੀ ਹਨ ਇਨ੍ਹਾਂ ਨੂੰ ਬਿਨਾਂ ਹੀ ਪੜ੍ਹਾਏ ਤੇ ਚਾਰ ਵੇਦ ਆਪੇ ਆਉਣੇ ਯੋਗ ਹਨ ਕਿਉਂਕਿ ਇਹ ਨਿਯਮ ਹੈ ਕਿ ਜਿਥੇ ਸ਼ੁੱਧ ਅੰਤਹ ਕਰਨ ਹੈ ਓਥੇ ਈਸ਼ਵਰ ਦੇ ਗਜ਼ਾਨ ਵੇਦ ਦਾ ਪ੍ਰਤੀਬਿੰਬ ਜ਼ਰੂਰ ਪੈਂਦਾ ਹੈ ਪ੍ਰੰਤੂ ਇਹ ਜੋ ਦੇਖਣ ਵਿਚ ਨਹੀਂ ਆਉਂਦਾ ਇਸ ਤੇ ਸਿੱਧ ਹੁੰਦਾ ਹੈ ਕਿ ਵੇਦ ਈਸ਼ਵਰ ਰਚਤ ਨਹੀਂ ਕਿੰਤੂ ਇਹ ਚਾਰਾਂ ਪੁਰਖਾਂ ਦੀ ਬਾਣੀ ਹੈ।

ਤਾਂ ਤੇ ਮੈਂ ਇਨ੍ਹਾਂ ਵੇਦਾਂ ਨੂੰ ਚਾਰ ਪੁਸਤਕ ਮੰਨਦਾ ਹਾਂ ਜੋ ਮਨੁੱਖਾਂ ਨੇ ਰਚੇ ਹਨ। ਜਿਸ ਤਰ੍ਹਾਂ ਅੱਜ ਕੱਲ ਦੇ ਆਦਮੀਆਂ ਦੀਆਂ ਰਚੀਆਂ ਹੋਈਆਂ ਪੋਥੀਆਂ ਲੋਗ ਪੜ੍ਹਦੇ ਹਨ ਅਰ ਲਾਭ ਉਠਾਉਂਦੇ ਹਨ ਇਸੇ ਤਰ੍ਹਾਂ ਉਨ੍ਹਾਂ ਚਾਰੇ ਮਨੁੱਖਾਂ ਦੇ ਰਚੇ ਹੋਏ ਚਾਰੇ ਵੇਦਾਂ ਦੇ ਪੁਸਤਕਾਂ ਨੂੰ ਲੋਗ ਪੜ੍ਹਦੇ ਹਨ। ਜਿਸ ਤੇ ਨਾ ਉਹ ਈਸ਼ਵਰ ਨੇ ਬਣਾਏ ਅਤੇ ਨਾ ਇਹ ਗੱਲ ਅਨੁਭਵ ਸਿੱਧ ਹੀ ਹੋ ਸਕਦੀ ਹੈ ਕਿਉਂਕਿ ਵੇਦ ਦੇ ਮੰਤਰ ਛੰਦਾਂ ਦੇ ਢੰਗ ਪਰ ਹਨ ਸੋ ਈਸ਼ਵਰ ਅਜੇਹੀ ਛੰਦਾ ਬੰਦੀ ਕਰਦਾ ਕਦੇ ਭੀ ਅਨੁਭਵ ਨਹੀਂ ਮੰਨਦਾ, ਤਾਂ ਤੇ ਇਹ ਸਭ ਮਨੁੱਖਾਂ ਦੀ ਹੀ ਚਤਰਾਈ ਹੈ॥

**ਦੋਹਿਰਾ—ਮੇਰੇ ਇਤਨੇ ਕਹਿਨ ਤੇ ਗਏ ਸੰਤ ਘਬਰਾਇ।**
**ਏਧਰ ਓਧਰ ਝਾਕਦੇ ਉੱਤਰ ਬਣੇ ਨ ਕਾਇ॥੪੨॥**
**ਓੜਕ ਨੂੰ ਇਕ ਹੋਰ ਹੀ ਤੋਰਿਆ ਸਾ ਪ੍ਰਸੰਗ।**
**ਜਿਸ ਤੇ ਮੈਂ ਮਨ ਸਮਝਿਆ ਹੋਇ ਗਏ ਹਨ ਤੰਗ॥੪੩॥**

ਭਾਵ—ਸੁਵਾਮੀ ਜੀ ਦਾ ਚਿੱਤ ਇਸ ਸਮਯ ਬਹੁਤ ਹੀ ਘਬਰਾਇਆ ਹੋਇਆ ਸਾ ਅਰ ਕੋਈ ਅੱਛਾ ਉੱਤਰ ਨਹੀਂ ਬਣਦਾ ਸਾ ਜਿਸ ਪਰ ਇਸ ਬਾਤ ਨੂੰ ਛੱਡ ਕੇ ਹੋਰ ਹੀ ਰਸਤੇ ਪੈ ਗਏ ਜੋ ਉਲਟ ਕੇ ਮੇਰੇ ਪਰ ਪ੍ਰਸ਼ਨ ਚੁੱਕ ਕੀਤਾ ਅਤੇ ਇਸ ਤਰ੍ਹਾਂ ਬੋਲੇ, ਕਿ ਜਿਸ ਤਰ੍ਹਾਂ ਤੁਸੀਂ ਵੇਦਾਂ ਨੂੰ ਈਸ਼ਵਰ ਰਚਤ ਹੋਨੇ ਪਰ ਤਰਕ ਕਰਦੇ ਹੋ, ਅਰ ਆਖਦੇ ਹੋ ਕਿ ਇਹ ਈਸ਼ਵਰ ਰਚਨ ਨਹੀਂ ਹਨ, ਅਰ ਇਸ ਵਿਚ

ਯੁਕਤੀ ਇਹ ਦੇਂਦੇ ਹੋ ਕਿ ਨਿਰਾਕਾਰ ਹੋਣੇ ਤੇ ਈਸ਼ਵਰ ਇਨ੍ਹਾਂ ਨੂੰ ਨਹੀਂ ਬਣਾ ਸਕਦਾ ਤਾਂ ਤੁਸੀਂ ਏਸੇ ਤਰ੍ਹਾਂ ਜਗਤ ਦਾ ਕਰਤਾ ਭੀ ਈਸ਼ਵਰ ਨੂੰ ਨਹੀਂ ਆਖੋਗੇ ਕਿਉਂਕਿ ਇਹ ਸਥੂਲ ਪਰਪੰਚ ਭੀ ਨਿਰਾਕਾਰ ਈਸ਼ਵਰ ਨਹੀਂ ਬਣਾ ਸਕੇਗਾ।

ਇਸ ਦਾ ਉੱਤਰ ਮੈਂ ਇਤਨਾ ਹੀ ਦਿਤਾ ਕਿ ਪਹਿਲੇ ਜਦ ਇਸ ਦਾ ਫੈਸਲਾ ਹੋ ਜਾਏਗਾ ਤਦ ਤੁਸੀਂ ਜਗਤ ਉਤਪਤੀ ਪਰ ਭੀ ਉੱਤਰ ਪ੍ਰਸ਼ਨ ਕਰ ਲੈਣਾ, ਇਸ ਨੂੰ ਸੁਣ ਕੇ ਬੋਲੇ ਕਿ ਸਾਨੂੰ ਤਾਂ ਇਤਨਾ ਹੀ ਆਉਂਦਾ ਹੈ ਜੋ ਤੁਹਾਨੂੰ ਸੁਣਾ ਦਿਤਾ ਹੈ ਜਿਸ ਪਰ ਮੈਂ ਕਿਹਾ ਕਿ ਜੋ ਆਪ ਨੇ ਆਖ੍ਯਾ ਹੈ ਸੋ ਠੀਕ ਠੀਕ ਉੱਤਰ ਨਹੀਂ ਹੈ। ਜਿਸ ਪਰ ਕਹਿਨ ਲਗੇ ਕਿ ਬਸ ਜੋ ਸਾਨੂੰ ਆਉਂਦਾ ਹੈ ਸੋ ਉੱਤਰ ਦੇ ਦਿਤਾ ਹੈ।

ਇਤਨੀ ਗੱਲ ਸੁਣ ਕੇ ਪੰਡਤ ਅਗਨੀ ਹੋਤ੍ਰੀ ਜਿਸ ਦਾ ਨਾਉਂ ਉਸ ਸਮਯ ਸ਼ਿਵਨਾਰਾਇਣ ਸੀ ਅਰ ਅੱਜ ਕੱਲ ਜਿਸ ਨੂੰ ਲੋਗ ਸੱਤ੍ਯਾਨੰਦ ਅਗਨੀ ਹੋਤ੍ਰੀ ਸੱਦਦੇ ਹਨ, ਖੜੇ ਹੋ ਕੇ ਬੋਲੇ ਕਿ ਸੁਵਾਮੀ ਜੀ ਨੇ ਇਨ੍ਹਾਂ ਦੇ ਕਥਨ ਦਾ ਉੱਤਰ ਨਹੀਂ ਦਿਤਾ ਕੇਵਲ ਟਾਲਵਾਲ ਕਰ ਰਹੇ ਹਨ।" ਜਿਸ ਤੇ ਮੇਰੇ ਵੱਲੋਂ ਹਟ ਕੇ ਉਸ ਨਾਲ ਝਗੜ ਪਏ ਅਰ ਗੁੱਸੇ ਹੋ ਕੇ ਕਹਿਣ ਲੱਗੇ ਕਿ ਤੈਨੂੰ ਕ੍ਯਾ ਖਬਰ ਹੈ ਜੋ ਇਸ ਨੇ ਕਿਆ ਆਖ੍ਯਾ ਹੈ ? ਜਿਸ ਪਰ ਉਸ ਨੇ ਕਿਹਾ ਕਿ ਮੈਂ ਜਾਣਦਾ ਹਾਂ ਜੋ ਇਨ੍ਹਾਂ ਨੇ ਕਿਹਾ ਹੈ ਅਰ ਜੋ ਉਸ ਦਾ ਆਪ ਨੇ ਉੱਤਰ ਦਿਤਾ ਹੈ, ਕਿੰਤੂ ਉੱਤਰ ਆਪ ਦਾ ਠੀਕ ਨਹੀਂ ਹੈ। ਇਸ ਪਰ ਬਹੁਤ ਗੁੱਸੇ ਹੋ ਗਏ ਅਰ ਉਨ੍ਹਾਂ ਨੂੰ ਆਖਣ ਲੱਗੇ ਕਿ ਤੁਸੀਂ ਦੱਸੋ ਜੋ ਇਸਨੇ ਕ੍ਯਾ ਕਹਿਆ ਹੈ ਅਰ ਮੈਂ ਉਸ ਦਾ ਉੱਤਰ ਕਿਆ ਦਿੱਤਾ ਹੈ ?

ਜਦ ਇਹ ਝਗੜਾ ਹੋਰ ਹੀ ਛਿੜ ਪਿਆ ਤਦ ਮੈਂ ਕਿਹਾ ਕਿ ਸੁਵਾਮੀ ਜੀ ਆਪ ਇਨ੍ਹਾਂ ਨਾਲ ਨਾ ਝਗੜੋ ਕਿਉਂਕਿ ਉੱਤ੍ਰ ਪ੍ਰਸ਼ਨ ਤਾਂ ਮੇਰੇ ਅਰ ਆਪ ਦਾ ਹੈ ਸੋ ਜੋ ਆਪ ਦਾ ਸਿਧਾਂਤ ਹੈ ਸੋ ਮੈਨੂੰ ਆਖੋ, ਜਿਸ ਪਰ ਏਹੋ ਬੋਲੇ ਕਿ ਅਸੀਂ ਤਾਂ ਜੋ ਆਖਣਾ ਸਾ ਸੋ ਆਖ ਦਿਤਾ, ਜਿਸ ਪਰ ਮੈਂ ਕਿਹਾ ਕਿ ਆਪ ਕੁਝ ਸਾਬਤ ਨਹੀਂ ਕਰ ਸਕੇ ਅਰ ਮੈਂ ਆਪ ਨੂੰ ਸਾਬਤ ਕਰ ਕੇ ਦਿਖਾ ਦਿੱਤਾ ਹੈ ਕਿ ਵੇਦ ਮਨੁੱਖਾਂ ਦੇ ਰਚੇ ਹੋਏ ਹਨ॥

ਇਤਨੇ ਝਗੜੇ ਪਰ ਚਾਰੇ ਪਾਸਿਆਂ ਤੇ ਤਾਲੀਆਂ ਵੱਜ ਪਈਆਂ ਅਰ ਸਭ ਬੋਲ ਉਠੇ ਕਿ ਸਾਧੂ ਨੂੰ ਉੱਤ੍ਰ ਦੇਣਾ ਨਹੀਂ ਆਇਆ ਜਿਸ ਪਰ ਸੰਧ੍ਯਾ ਪੈ ਗਈ ਅਰ ਸਭ ਖਲਕਤ ਆਪੋ ਆਪਣੇ ਘਰਾਂ ਨੂੰ ਚਲੀ ਗਈ, ਅਤੇ ਅਸੀਂ ਭੀ ਵਡੇ ਆਨੰਦ ਪੂਰਬਕ ਅਪਨੇ ਮਕਾਨ ਪਰ ਆਏ॥

**ਦੋਹਿਰਾ—ਇਹ ਦੂਜਾ ਹੈ ਮੁੱਝਦਾ ਜੋ ਹੋਇਆ ਪ੍ਰਸੰਗ।**

ਸੁਣਨ ਹਾਰੇ ਲੋਗ ਸੇ ਹੋਏ ਮਨ ਵਿਚ ਦੰਗ॥ ੪੪॥
ਊਆ ਬਾਈ ਕਰ ਗਏ ਤਦੋਂ ਸੰਤ ਜੀ ਆਪ।
ਸੱਤ ਆਖਦਿਆਂ ਮੁੱਝ ਨੂੰ ਲਗੇ ਨਾ ਕੋਈ ਪਾਪ॥ ੪੫॥
ਜੋ ਇਸ ਵਿਚ ਕੁਝ ਸ਼ੱਕ ਹੈ ਤਾਂ ਚਲੇ ਉਸ ਕੇਰ॥
ਉਤ੍ਰ ਮੇਰੇ ਕਥਨ ਦਾ ਦੇਵਨ ਹੋਇ ਦਲੇਰ॥ ੪੬॥
ਜਿਸ ਤੇ ਸੱਚੀ ਹੋਈ ਜਗ ਇਹ ਲੋਗਾਂ ਦੀ ਗੱਪ॥
ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ॥ ੪੭॥
ਪਰ ਮੈਂ ਜਾਣਾ ਸੱਭ ਨੂੰ ਇਨ ਮਹਿ ਨਾਹੀਂ ਕੋਇ॥
ਮੇਰੇ ਇਸ ਪ੍ਰਸੰਗ ਦਾ ਖੰਡਨ ਕਰ ਹੈ ਜੋਇ॥ ੪੮॥

### ਤੀਜੀ ਵੇਰ ਪ੍ਰਸ਼ਨੋਤ੍ਰ

ਦੋਹਿਰਾ—ਹੁਣ ਤੀਜਾ ਭੀ ਸੁਣ ਲਵੋ ਜੋ ਹੋਇਆ ਵਿਰਤਾਂਤ।
ਮੁਕਤ ਪੱਖ ਪਰ ਪੁੱਛਣਾ ਕੀਤੀ ਹੋਇ ਇਕਾਂਤ॥ ੧॥

ਤੀਸਰੀ ਵੇਰ ਸੁਵਾਮੀ ਜੀ ਰਾਇ ਮੇਲਾ ਰਾਮ ਸਾਹਿਬ ਦੇ ਤਾਲਾਬ ਉੱਪਰ ਉਤਰੇ, ਜਦ ਮੈਨੂੰ ਖਬਰ ਹੋਈ ਕਿ ਹੁਣ ਉਹੀ ਮਹਾਤਮਾ ਫੇਰ ਆਏ ਹਨ ਜਿਸ ਤੇ ਮੈਂ ਓਥੇ ਹੀ ਪੁੱਜਾ ਪਰੰਤੂ ਉਸ ਵੇਲੇ ਮੈਂ ਇਕੱਲਾ ਹੀ ਸਾਂ॥

ਜਦ ਮੈਂ ਪਉੜੀਆਂ ਚੜ੍ਹ ਕੇ ਗਿਆ ਤਾਂ ਕਿਆ ਦੇਖਿਆ ਕਿ ਸੁਵਾਮੀ ਜੀ ਗਲੀਚੇ ਪਰ ਤਕੀਆ ਲਗਾਈ ਬੈਠੇ ਹਨ ਅਰ ਉਨ੍ਹਾਂ ਦੇ ਪਾਸ ਇਕ ਬਾਬੂ ਬੰਗਾਲੀ ਬੈਠਾ ਹੈ ਅਰ ਦੋ ਤਿੰਨ ਰੇਲ ਦੇ ਹੋਰ ਪੰਜਾਬੀ ਬਾਬੂ ਹਨ ਜਿਨ੍ਹਾਂ ਨਾਲ ਕੁਛ ਉੱਤ੍ਰ ਪ੍ਰਸ਼ਨ ਕਰ ਰਹੇ ਹਨ ਪਰ ਓਹ ਸਭ ਸਤ ਬਚਨ ਹੀ ਉਚਰਦੇ ਹਨ ਅਤੇ ਅੱਗੋਂ ਕੁਝ ਉੱਤ੍ਰ ਨਹੀਂ ਦੇਂਦੇ॥

ਮੇਰਾ ਅੱਗੋਂ ਦਾ ਹੀ ਡਰ ਲੱਥਾ ਹੋਇਆ ਸੀ ਜਿਸ ਤੇ ਨਿਰਭੈ ਹੋ ਕੇ ਜਾ ਬੈਠਾ ਅਰ ਕੇਵਲ ਇਤਨਾ ਹੀ ਪੁਛਿਆ ਕਿ "ਸੰਤ ਜੀ ਆਪ ਅੱਛੇ ਹੈਂ ?" ਜਿਸ ਦਾ ਉੱਤ੍ਰ ਉਨ੍ਹਾਂ ਨੇ ਇਹ ਦਿੱਤਾ ਕਿ "ਆਪ ਭੀ ਅਨੰਦ ਹੈਂ" ?

ਦਸ ਕੁ ਮਿੰਟ ਮਗਰੋਂ ਮੈਂ ਨੇ ਕਿਹਾ ਕਿ ਸੰਤ ਜੀ ਕਾਰਨ ਵਾਚ ਅਰ ਵੇਦ ਵਿਖਯ ਪਰ ਤਾਂ ਮੇਰਾ ਆਪ ਨਾਲ ਉੱਤ੍ਰ ਪ੍ਰਸ਼ਨ ਹੋ ਚੁਕਿਆ ਹੈ ਪਰੰਤੂ ਹੁਣ ਮੁਕਤੀ ਦੇ ਬਾਰੇ ਵਿਚ ਪੁੱਛਣਾ ਚਾਹੁੰਦਾ ਹਾਂ ਕਿ ਆਪ ਦਾ ਕਿਆ ਖਿਆਲ ਹੈ ?

ਦੋਹਿਰਾ—ਸੁਣਦੇ ਹੀ ਇਸ ਗੱਲ ਨੂੰ ਬੋਲੇ ਮਨ ਘਬਰਾਇ॥
ਜਾਤਾ ਸਾਨੂੰ ਆਪਣੀ ਓਹੋ ਵੱਡੀ ਬਲਾਇ॥ ੨॥
"ਪੁੱਛ ਲਵੋ ਓਹ ਭੀ ਤੁਸੀਂ ਪਰ ਮੈਂ ਝਗੜੂੰ ਨਾਂਹਿ॥
ਅਪਨੇ ਨਿਸਚੇ ਨੂੰ ਕਰੂੰ 'ਪ੍ਰਗਟ ਸਭ ਕੇ ਮਾਹਿ"॥ ੩॥

**ਜਿਸ ਪਰ ਮੈਂ ਫਿਰ ਇਹ ਕਹੀ ਕਿਆ ਝਗੜੇ ਕੀ ਬਾਤ।**
**ਉੱਤ੍ਰ ਪ੍ਰਸ਼ਨ ਸਦਾ ਤੇ ਬਿਨ ਬਾਤਨ ਪਰ ਆਤ॥੪॥**

ਭਾਵ—ਜਦ ਮੈਂ ਮੁਕਤੀ ਦੇ ਪ੍ਰਸੰਗ ਪਰ ਪੁੱਛਣਾ ਚਾਹਿਆ ਤਦ ਜਿਸ ਤਰ੍ਹਾਂ ਅੱਗ ਦੀ ਡਰੀ ਟਟਿਆਨੇ ਤੇ ਡਰਦੀ ਹੈ ਇਸੇ ਤਰ੍ਹਾਂ ਡਾਕਟਰ ਰਹੀਮ ਖਾਂ ਦੀ ਕੋਠੀ ਤੇ ਡਰੇ ਹੋਏ ਸੁਵਾਮੀ ਜੀ ਆਖਣ ਲੱਗੇ ਕਿ ਤੁਹਾਡੇ ਨਾਲ ਝਗੜਾ ਨਹੀਂ ਕਰਾਂਗਾ ਪਰ ਆਪਣਾ ਨਿਸਚਾ ਦੱਸਾਂਗਾ ਕਿ ਮੁਕਤੀ ਦੇ ਵਿਖਜ ਵਿਚ ਕਿਆ ਹੈ। ਜਿਸ ਦਾ ਉੱਤਰ ਮੈਂ ਇਤਨਾ ਹੀ ਦਿਤਾ ਕਿ ਝਗੜੇ ਦੀ ਕੋਈ ਬਾਤ ਨਹੀਂ ਹੈ ਕਿੰਤੂ ਇਨ੍ਹਾਂ ਪਰਸੰਗਾਂ ਪਰ ਸਦਾ ਤੇ ਉੱਤ੍ਰ ਪ੍ਰਸ਼ਨ ਹੁੰਦੇ ਚਲੇ ਆਏ ਹਨ। ਸੋ ਮੈਂ ਕੋਈ ਨਵੀਂ ਬਾਤ ਨਹੀਂ ਪੁੱਛਦਾ ਪਰੰਤੂ ਮੈਂ ਆਪ ਦੇ ਨਿਸਚੇ ਵਿਚ ਜਿਥੇ ਅਪਨੀ ਬੁਧਿ ਅਨੁਸਾਰ ਸੰਸਾ ਪਾਵਾਂਗਾ ਉਥੇ ਜ਼ਰੂਰ ਪੁੱਛਾਂਗਾ ਕਿ ਇਹ ਕਿਸ ਤਰ੍ਹਾਂ ਹੈ॥

**ਦੋਹਿਰਾ—ਇਤਨੀ ਸੁਨ ਕੇ ਬਾਤ ਨੂੰ ਮੰਨ ਗਏ ਮੁਰਝਾਇ।**
**ਆਖਨ ਜੋ 'ਕੁਛ ਮੁੱਝ ਨੂੰ ਆਵੇ ਦਊਂ ਸੁਨਾਇ'॥੫॥**
**ਇਸ ਤੋਂ ਅੱਗੇ ਮੈਂ ਕਿਹਾ 'ਤੁਮਰੇ ਮਤ ਮਹਿ ਮੋਖ।**
**ਕਹੋ ਕੌਨ ਵਿਧ ਹੈ ਲਿਖੀ ਜੋ ਸਮਝੋ ਨਿਰਦੋਖ'।**

ਭਾਵ—ਜਦ ਉਨ੍ਹਾਂ ਨੇ ਆਗਿਆ ਦੇ ਦਿੱਤੀ ਤਦ ਮੈਂ ਪੁਛਿਆ ਕਿ ਸੁਵਾਮੀ ਜੀ ਆਪ ਦੇ ਮਤ ਵਿਚ ਮੁਕਤੀ ਦਾ ਕਿਆ ਸਰੂਪ ਹੈ ਅਤੇ ਉਸ ਦਾ ਲੱਖਣ ਕਿਆ ਹੈ ?

SIKHBOOKCLUB.COM

ਸੁਵਾਮੀ ਜੀ ਨੇ ਉੱਤ੍ਰ ਦਿੱਤਾ ਕਿ "ਮੁਕਤੀ ਦਾ ਅਰਥ ਛੁੱਟ ਜਾਣਾ ਹੈ।"

ਇਸ ਪਰ ਮੈਂ ਕਿਹਾ ਕਿ ਇਹ ਤਾਂ ਮੁਕਤੀ ਪਦ ਦਾ ਅਰਥ ਹੈ ਪਰੰਤੂ ਮੇਰਾ ਤਾਤ ਪਰਜ ਪੁਛਣ ਦਾ ਇਹ ਹੈ ਕਿ ਛੁੱਟਣਾ ਕਿਆ ਵਸਤੂ ਹੈ ਅਤੇ ਕਿਨ੍ਹਾਂ ਬਾਤਾਂ ਤੇ ਛੁੱਟਣਾ ਹੈ ?

ਇਸ ਦਾ ਉੱਤਰ ਸੁਵਾਮੀ ਜੀ ਨੇ ਇਹ ਦਿਤਾ ਕਿ ਛੁੱਟਣ ਵਾਲੀ ਵਸਤੂ ਜੀਵਾਤਮਾ ਹੈ ਅਰ ਛੁੱਟਣਾ ਦੇਹ ਵਿਚੋਂ ਹੈ ਜਿਸਤੇ ਜੀਵ ਦੇ ਦੁੱਖਾਂ ਦੀ ਨਵਿਰਤੀ ਹੁੰਦੀ ਹੈ।

ਇਸ ਪਰ ਮੈਂ ਇਹ ਆਖਿਆ ਕਿ ਜੀਵ ਕਿਸ ਨੂੰ ਆਖਦੇ ਹਨ ਅਤੇ ਕਿਆ ਸਰੀਰ ਦੇ ਤਿਆਗ ਦਾ ਨਾਮ ਹੀ ਮੁਕਤੀ ਹੈ ? ਕਿੰਤੂ ਜੇ ਇਹੋ ਆਪ ਦਾ ਮਤ ਹੈ ਤਾਂ ਇਹ ਚਾਰ ਵਾਕ ਮਤ ਵਾਲੇ ਭੀ ਮੰਨਦੇ ਹਨ ਕਿ ਮਰ ਗਿਆ ਤਾਂ ਮੁਕਤੀ ਪਾ ਲਈ ਫਿਰ ਆਪ ਅਤੇ ਚਾਰ ਵਾਕ ਮਤ ਵਿਚ ਕਿਆ ਭੇਦ ਹੈ ?

ਇਸ ਕਥਨ ਪਰ ਸੋਚਣ ਲੱਗੇ ਅਰ ਚਾਰ ਪੰਜ ਮਿੰਟ ਮਗਰੋਂ ਬੋਲੇ ਕਿ ਜੀਵ ਉਸ ਸੂਖ਼ਮ ਦੇ ਚੇਤਨ ਵਸਤੂ ਦਾ ਨਾਮ ਹੈ ਜੋ ਇਸ ਦੇਹੀ ਦੀ ਅਭਿਮਾਨੀ ਹੈ, ਅਰ

ਚਾਰ ਵਾਕ ਮਤ ਵਾਲੇ ਨਾਸਤਕ ਹਨ ਕਿਉਂਕਿ ਉਹ ਵੇਦ ਨੂੰ ਨਹੀਂ ਮੰਨਦੇ।

ਫਿਰ ਮੈਂ ਪੁਛਿਆ, 1. ਜਦ ਜੀਵ ਇਸ ਦੇਹ ਨੂੰ ਤਿਆਗ ਦੇਂਦਾ ਹੈ ਤਦ ਇਸ ਦੇ ਅਭਮਾਨ ਤੇ ਰਹਿਤ ਹੋ ਕੇ ਫਿਰ ਕਿਆ ਰੂਪ ਰੱਖਦਾ ਹੈ ਅਰ ਕਿਥੇ ਰਹਿੰਦਾ ਹੈ ?

2. ਇਸੇ ਤਰ੍ਹਾਂ ਜੋ ਚਾਰ ਵਾਕ ਨਾਸਤਕ ਹੋ ਕੇ ਮਰਨ ਨੂੰ ਮੁਕਤੀ ਆਖਦੇ ਹਨ ਸੋਈ ਆਪ ਵੇਦ ਦੇ ਮੰਨਣੇ ਵਾਲੇ ਆਸਤਕ ਮੰਨਦੇ ਹੋ ਫਿਰ ਆਪ ਅਰ ਉਨ੍ਹਾਂ ਵਿਚ ਕਿਆ ਭੇਦ ਹੈ, ਕਿਉਂਕਿ ਮੁਕਤੀ ਪੱਖ ਤਾਂ ਦੋਨਾਂ ਦਾ ਕੱਠਾ ਹੀ ਹੈ ?

ਇਸ ਦਾ ਉੱਤਰ ਆਪ ਨੇ ਇਹ ਦਿੱਤਾ ਕਿ "ਜੀਵ ਦਾ ਸਰੂਪ ਓਹੋ ਰਹਿੰਦਾ ਹੈ ਜੋ ਦੇਹ ਵਿਚ ਸਾ, ਪ੍ਰੰਤੂ ਸੁਤੰਤ੍ਰ ਹੁੰਦਾ ਹੈ ਇਸ ਵਾਸਤੇ ਜਿਸ ਜਗ੍ਹਾ ਇੱਛਾ ਹੁੰਦੀ ਹੈ ਓਥੇ ਰਹਿੰਦਾ ਹੈ।

ਚਾਰ ਵਾਕ ਜੀਵ ਦਾ ਨਾਸ ਮੰਨਦੇ ਹਨ ਪ੍ਰੰਤੂ ਅਸੀਂ ਨਹੀਂ ਮੰਨਦੇ ਇਹੋ ਸਾਡੇ ਵਿਚ ਅਰ ਉਨ੍ਹਾਂ ਵਿਚ ਭੇਦ ਹੈ।"

ਇਸ ਪਰ ਮੈਂ ਕਿਹਾ ਕਿ ਜੇ ਓਹ ਜੀਵ ਦੇਹ ਤਿਆਗ ਕੇ ਭੀ ਓਸੇ ਤਰ੍ਹਾਂ ਰਹਿੰਦਾ ਹੈ ਤਾਂ ਉਸ ਨੂੰ ਅਪਣਾ ਪਤਾ ਹੁੰਦਾ ਹੈ ਕਿ ਨਹੀਂ ਅਰ ਇਹ ਜਾਣ ਸਕਦਾ ਹੈ ਕਿ ਨਹੀਂ ਜੋ ਮੈਂ ਫਲਾਣਾ ਜੀਵ ਹਾਂ ?

ਇਸੇ ਪ੍ਰਕਾਰ ਚਾਰ ਵਾਕ ਭੀ ਜੀਵ ਦਾ ਨਾਸ ਨਹੀਂ ਮੰਨਦੇ ਕਿੰਤੂ ਉਹ ਜੀਵ ਦਾ ਪਰਾਦਰਭਾਵ ਤੱਤਾਂ ਵਿਚ ਮੰਨਦੇ ਹਨ ਅਰ ਓਹ ਇਹ ਆਖਦੇ ਹਨ ਕਿ ਜੀਵ ਇਕ ਪ੍ਰਕਾਰ ਦੀ ਚੇਤਨ ਸੱਤਾ ਹੈ ਜੋ ਤੱਤਾਂ ਦੇ ਮਿਲਾਪ ਨਾਲ ਉਤਪੱਤ ਹੋ ਜਾਂਦੀ ਹੈ, ਜਿਸ ਤਰ੍ਹਾਂ ਚੂਨਾ ਕੱਥਾ ਪਾਨ ਮਿਲਾਉਣੇ ਤੇ ਲਾਲ ਰੰਗ ਉਤਪੱਤ ਹੋ ਜਾਂਦਾ ਹੈ, ਸੋ ਇਸ ਤੇ ਇਹ ਪਾਇਆ ਜਾਂਦਾ ਹੈ ਕਿ ਉਹ ਜੀਵ ਦਾ ਪਰਾਦੁਰ ਭਾਵ ਤੱਤਾਂ ਵਿਚ ਮੰਨਦੇ ਹਨ, ਅਰ ਇਨ੍ਹਾਂ ਦੇ ਵਿਯੋਗ ਤੇ ਉਸ ਦਾ ਲਯ ਮੰਨਦੇ ਹਨ ਪਰੰਤੂ ਨਾਸ ਇਕ ਹੋਰ ਪਦਾਰਥ ਹੈ ਜੋ ਵਸਤੂ ਦੀ ਅਸਲੀਅਤ ਨੂੰ ਹੀ ਦੂਰ ਕਰ ਦੇਂਦਾ ਹੈ ਸੋ ਇਹ ਚਾਰ ਵਾਕ ਦਾ ਤਾਤਪਰਜ ਨਹੀਂ ਹੈ॥

ਸੁਵਾਮੀ ਜੀ ਨੇ ਆਖ੍ਯਾ ਕਿ ਤੁਹਾਡੇ ਪਹਿਲੇ ਪ੍ਰਸ਼ਨ ਦਾ ਉੱਤਰ ਤਾਂ ਇਤਨਾ ਹੀ ਹੈ ਕਿ ਉਸ ਜੀਵ ਆਤਮਾ ਨੂੰ ਗ੍ਯਾਨ ਰਹਿੰਦਾ ਹੈ, ਕਿਉਂਕਿ ਗ੍ਯਾਨ ਚੇਤਨ ਜੀਵਾਤਮਾ ਦਾ ਧਰਮ ਹੈ ਇਸ ਵਾਸਤੇ ਜੜ੍ਹ ਦੇਹ ਦੇ ਤ੍ਯਾਗ ਮਗਰੋਂ ਓਹੋ ਚੇਤਨ ਗ੍ਯਾਨ ਸਰੂਪ ਹੈ।

ਦੂਸਰੇ ਪ੍ਰਸ਼ਨ ਦਾ ਇਹ ਉੱਤਰ ਹੈ ਕਿ ਸਾਡਾ ਤਾਤਪਰਜ ਚਾਰ ਵਾਕ ਮਤ ਵਿਚ ਜੀਵ ਦਾ ਨਾਸ ਮੰਨਣ ਤੇ ਉਸ ਦਾ ਅਭਾਵ ਅੰਗੀਕਾਰ ਹੈ, ਸੋ ਅਭਾਵ ਚਾਰ ਪ੍ਰਕਾਰ ਦਾ ਹੁੰਦਾ ਹੈ, ਪ੍ਰਾਗਾ ਭਾਵ, ਪ੍ਰਧ੍ਵੰਸਾ ਭਾਵ, ਅੰਨਯੋ ਅੰਣਯਾ ਭਾਵ ਅਤੇ



 www.sikhbookclub.com

ਅਤਯੰਤਾ ਭਾਵ ਸੋ ਚਾਰ ਵਾਕ ਭੀ ਇਨ੍ਹਾਂ ਵਿਚ ਹੀ ਜੀਵ ਦਾ ਅਭਾਵ ਮੰਨਦੇ ਹਨ ਸੋ ਅਭਾਵ ਭੀ ਇਕ ਪ੍ਰਕਾਰ ਦਾ ਨਾਸ ਸਮਝਿਆ ਜਾਂਦਾ ਹੈ ਜਿਸ ਨੂੰ ਸੁਣ ਕੇ ਮੈਂ ਇਹ ਆਖਯਾ :—

**ਦੋਹਿਰਾ—ਚੇਤਨ ਹੇਤੂ ਗਯਾਨ ਦਾ ਨਹੀਂ ਸਰਬ ਦਾ ਸੱਤ।**
**ਸੁਖਤਪ ਮਹਿ ਨਹਿ ਜਾਣਦਾ ਅਪਨੇ ਘਰ ਦੀ ਗੱਤ॥ 7॥**

ਭਾਵ—ਬੇਸ਼ਕ ਸੁਵਾਮੀ ਜੀ ਨੇ ਜੀਵਾਤਮਾ ਨੂੰ ਗਯਾਨ ਸਰੂਪ ਆਖ ਕੇ ਇਹ ਸਿੱਧ ਕੀਤਾ ਹੈ ਕਿ "ਮੁਕਤ ਹੋ ਕੇ" ਅਰਥਾਤ ਦੇਹ ਨੂੰ ਤਿਆਗ ਕੇ ਭੀ ਇਸ ਨੂੰ ਗਯਾਨ ਰਹਿੰਦਾ ਹੈ ਪਰੰਤੂ ਜਿਸ ਪਰ ਹੇਤੂ ਕੇਵਲ "ਚੇਤਨ ਸਰੂਪ" ਹੋਣ ਦਾ ਹੀ ਦਿਤਾ ਹੈ ਪਰੰਤੂ ਜਦ ਵਿਚਾਰ ਕੇ ਦੇਖਿਆ ਜਾਂਦਾ ਹੈ ਤਾਂ ਇਸ ਦੇਹ ਦੇ ਵਿਚ ਰਹਿ ਕੇ ਭੀ ਚੇਤਨ ਸਰੂਪ ਆਤਮਾ ਹੈ। ਗਯਾਨ ਦੇ ਸਾਧਨ ਅੰਤਹ ਕਰਣ ਅਤੇ ਗਯਾਨ ਇੰਦ੍ਰਯ ਤੇ ਬਿਨਾ ਕੋਈ ਗਯਾਨ ਨਹੀਂ ਪਾਇਆ ਜਾਂਦਾ ਜਿਸ ਦਾ ਦ੍ਰਿਸ਼ਟਾਂਤ ਘੋਰ ਨੀਂਦ ਅਤੇ ਮੂਰਛਾ ਹੈ ਕਿਉਂਕਿ ਇਨ੍ਹਾਂ ਦੋਹਾਂ ਹਾਲਤਾਂ ਵਿਚ ਜੀਵ ਅਜੇ ਦੇਹ ਨੂੰ ਭੀ ਨਹੀਂ ਤਿਆਗਦਾ ਤਾਂ ਭੀ ਅਪਣੇ ਗਿਆਨ ਨੂੰ ਛੱਡ ਬੈਠਦਾ ਹੈ। ਫਿਰ ਜਦ ਇਸ ਨੇ ਮਰ ਕੇ ਇਸ ਦੇਹੀ ਨਾਲੋਂ ਸਾਰਾ ਹੀ ਸੰਬੰਧ ਤੋੜ ਲੀਤਾ ਅਰ ਇਹ ਦੇਹ ਭੀ ਸਾੜ ਕੇ ਸੁਆਹ ਕਰ ਦਿੱਤੀ ਫਿਰ ਇਸ ਨੂੰ ਗਿਆਨ ਕਦ ਰਹਿ ਸਕਦਾ ਏ ? ਦੁਰਜਨ ਤਖ ਨਯਾਇ ਕਰਕੇ ਜੇ ਇਸ ਬਾਤ ਨੂੰ ਮੰਨ ਭੀ ਲਈਏ ਤਾਂ ਮੈਂ ਇਹ ਪੁਛਦਾ ਹਾਂ ਕਿ ਫੇਰ ਉਹ ਗਿਆਨ ਵਾਲਾ ਆਤਮਾ ਕਿਥੇ ਰਹਿੰਦਾ ਹੈ ?

ਫਿਰ ਉਸ ਵੇਲੇ ਮੈਂ ਇਹ ਭੀ ਕਿਹਾ ਕਿ ਸੰਤ ਜੀ ਆਪ ਨੇ ਅਭਾਵਾਂ ਦੇ ਨਾਉਂ ਗਿਣ ਕੇ ਦੱਸ ਦਿਤੇ ਪ੍ਰੰਤੂ ਆਪ ਇਹ ਤਾਂ ਦੱਸੋ ਜੋ ਇਨ੍ਹਾਂ ਵਿਚੋਂ ਜੀਵ ਦਾ ਕਿਹੜਾ ਅਭਾਵ ਚਾਰ ਵਾਕ ਪਰ ਲਗਾਓਗੇ ? ਕਿਉਂਕਿ ਪ੍ਰਾਗਾ ਭਾਵ ਤਾਂ ਜੀਵ ਨੂੰ ਅਨਾਦੀ ਸਿੱਧ ਕਰੇਗਾ ਜੈਸਾ ਕਿ ਤਿਲਾਂ ਵਿਚ ਤੇਲ ਹੁੰਦਾ ਹੈ, ਸੋ ਕੇਵਲ ਉਸ ਦਾ ਪਰਾਦੁਰ ਹੀ ਨਹੀਂ ਹੁੰਦਾ ਕਿੰਤੂ ਅਸਲ ਵਿਚ ਓਹ ਉੱਤਪਤ ਨਹੀਂ ਕਹਿਆ ਜਾਂਦਾ ਅਤੇ ਤਿਲਾਂ ਵਿਚ ਅਨਾਦੀ ਚਲਯਾ ਆਉਂਦਾ ਹੈ, ਇਸੇ ਤਰ੍ਹਾਂ ਜੀਵ ਭੀ ਇਨ੍ਹਾਂ ਤੱਤਾਂ ਵਿਚ ਅਨਾਦੀ ਆਪ ਨੂੰ ਮੰਨਣਾ ਪਏਗਾ।

ਫਿਰ ਜੋ ਪ੍ਰਧ੍ਵੰਸਾ ਭਾਵ ਮੰਨੋਗੇ ਤਾਂ ਮਿੱਟੀ ਦੇ ਵਿਚੋਂ ਘੜਾ ਉੱਤਪਤ ਹੋ ਕੇ ਭਜਨ ਨਯਾਈ ਸਾਦੀ ਸਾਂਤ ਮੰਨਣਾ ਪਵੇਗਾ ਪ੍ਰੰਤੂ ਇਹ ਭੀ ਕਾਰਨ ਵਿਚ ਕਾਰਜ ਦਾ ਲੈਅ ਸਰੂਪ ਹੈ ਕਿੰਤੂ ਵਸਤੂ ਦਾ ਨਾਸ ਨਹੀਂ ਹੈ; ਕਿਉਂਕਿ ਕਿਸੇ ਵਸਤੂ ਦੀ ਸ਼ਕਲ ਬਦਲਣ ਨਾਲ ਉਸ ਦੇ ਸਰੂਪ ਦਾ ਨਾਸ ਨਹੀਂ ਹੁੰਦਾ ਇਸ ਤੇ ਭੀ ਜੀਵ ਦਾ ਜੋ ਅਸਲੀ 'ਮਾਦਾ' ਹੈ ਉਹ ਚਾਰ ਵਾਕ ਮਤ ਵਿਚ ਆਪਦੇ ਕਥਨਾਨੁਸਾਰ ਨਸ਼ਟ ਨਹੀਂ ਮੰਨਯਾ ਜਾਂਦਾ।

ਅੰਨਯੋ ਅੰਨਯਾ ਭਾਵ ਤਾਂ ਘੜੇ ਅਰ ਕਪੜੇ ਵਾਂਗ ਚਾਰ ਵਾਕ ਮਤ ਵਿੱਚ

ਮੰਨ ਹੀ ਨਹੀਂ ਸਕਦੇ ਕਿਉਂਕਿ ਜਿਸ ਤਰ੍ਹਾਂ ਘੜੇ ਵਿਚ ਕਪੜੇ ਦਾ ਅਰ ਕਪੜੇ ਵਿਚ ਘੜੇ ਦਾ ਅਭਾਵ ਹੈ ਇਸੇ ਤਰ੍ਹਾਂ ਤੱਤਾਂ ਵਿਚ ਜੀਵ ਦਾ ਅਤੇ ਜੀਵ ਵਿਚ ਤੱਤਾਂ ਦਾ ਅਭਾਵ ਮੰਨਣੇ ਤੇ ਦੋ ਭਿੰਨ ਪਦਾਰਥ ਸਮਝੇ ਜਾਣਗੇ, ਇਸ ਵਾਸਤੇ ਚਾਰ ਵਾਕ ਮਤ ਵਾਲੇ ਜੀਵ ਦਾ ਨਾਸ਼ ਮੰਨਦੇ ਹਨ ਇਹ ਕਥਨ ਅਨੈਗਤ ਹੋ ਜਾਏਗਾ ਕਿਉਂਕਿ ਆਪਦੇ ਕਥਨ ਅਨੁਸਾਰ ਜੀਵ ਇਕ ਭਿੰਨ ਪਦਾਰਥ ਹੈ॥

ਇਸ ਤੇ ਅਗੇ ਅਤਯੰਤਾ ਭਾਵ ਜੋ ਸਹੇ ਦੇ ਸਿੰਗਾਂ ਵਾਂਗ ਸਦਾ ਹੀ ਅਸੱਤ ਹੈ ਉਹ ਤਾਂ ਚਾਰ ਵਾਕ ਮਤ ਵਿਚ ਆਪ ਮੰਨ ਹੀ ਨਹੀਂ ਸਕਦੇ ਕਿਉਂਕਿ ਚਾਰ ਵਾਕ ਜੀਵ ਤੇ ਐਸਾ ਇਨਕਾਰੀ ਨਹੀਂ ਹੈ, ਇਸ ਵਾਸਤੇ ਆਪ ਦਾ ਅਭਾਵਾਂ ਦੇ ਆਖਣ ਪਰ ਯਤਨ ਕਰਨਾ ਸਭ ਐਵੇਂ ਗਿਆ॥

ਪਰੰਤੂ ਸੁਵਾਮੀ ਜੀ ਤਾਈਂ ਯਾਦ ਰਹੇ ਜੋ ਮੇਰਾ ਪ੍ਰਸ਼ਨ ਚਾਰ ਵਾਕ ਆਪਦੇ ਮੱਤ ਵਿਚ ਏਕਤਾ ਕਰਨ ਤੇ ਵੇਦਾਂ ਨੂੰ ਮੰਨਣੇ ਅਰ ਨਾ ਮੰਨਣੇ ਪਰ ਨਹੀਂ ਸਾ ਕਿੰਤੂ ਮੇਰਾ ਤਾਂ ਇਸ ਅੰਸ਼ ਵਿਚ ਸਾ ਕਿ ਮਰੇ ਤੇ ਮੁਕਤੀ ਤਾਂ ਚਾਰ ਵਾਕ ਭੀ ਮੰਨਦੇ ਹਨ ਫਿਰ ਆਪ ਦਾ ਉਨ੍ਹਾਂ ਦੇ ਮਤ ਤੋਂ ਕਜਾ ਭੇਦ ਹੈ ? ਉੱਤਰ ਇਸਦਾ ਦੇਣਾ ਜੋਗ ਸਾ ਹੋਰ ਅਭਾਵਾਂ ਦੀ ਐਥੇ ਕੋਈ ਇਤਨੀ ਲੋੜ ਨਹੀਂ ਸੀ ਇਸ ਵਾਸਤੇ ਆਪ ਕੋਈ ਇਨ੍ਹਾਂ ਬਾਤਾਂ ਦਾ ਉੱਤਰ ਦੇਵੋ॥

**ਦੋਹਿਰਾ—ਸੁਣਦੇ ਇਤਨੀ ਬਾਤ ਨੂੰ, ਹੋਏ ਸਾਧ ਹੈਰਾਨ।**
**ਆਖਣ ਇਹ ਕੀ ਮਾਰਿਆ, ਇਸਨੇ ਚੁਕ ਤੂਫਾਨ॥ ੮॥**
**ਮਨ ਵਿਚ ਅੱਗੋਂ ਸੋਚਕੇ, ਫਿਰ ਬੋਲੇ ਹੱਠ ਨਾਲ।**
**ਇਸਦਾ ਉੱਤਰ ਭੀ ਸੁਣੋ**
**ਅਬ ਤੁਮ ਨਾਲ ਖਯਾਲ॥ ੯॥**

ਭਾਵ—ਇਸ ਪਰ ਕੁਛਕ ਗੁੱਸੇ ਹੋ ਕੇ ਅਰ ਮੱਥੇ ਵੱਟ ਪਾ ਕੇ ਬੋਲੇ ਕਿ ਜੇ ਉਸ ਮੁਕਤ ਆਤਮਾ ਨੂੰ ਗਯਾਨ ਨਾ ਹੋਵੇ ਤਾਂ ਮੁਕਤੀ ਦੇ ਸੁਖ ਨੂੰ ਕਿਸ ਤਰ੍ਹਾਂ ਭੋਗੇ, ਇਸ ਵਾਸਤੇ ਉਸਨੂੰ ਗਯਾਨ ਮੰਨਣਾ ਪਏਗਾ॥

ਦੂਸਰਾ ਉਹ ਇੱਛਾਧਾਰੀ ਹੁੰਦਾ ਹੈ ਜਿਸ ਜਗ੍ਹਾ ਚਾਹੇ ਓਥੇ ਰਹਿ ਸਕਦਾ ਹੈ, ਅਰ ਇਹ ਸਾਰਾ ਬ੍ਰਹਮੰਡ ਉਸਦੇ ਸੈਰ ਕਰਨ ਲਈ ਖੁੱਲ੍ਹਾ ਹੈ॥

ਦੂਸਰੇ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਚਾਰ ਵਾਕ ਮਤ ਵਿਚ ਜੀਵ ਦਾ ਪੁਨਰ ਜਨਮ ਨਹੀਂ ਮੰਨਿਆ ਪਰੰਤੂ ਸਾਡੇ ਮਤ ਵਿਚ ਮੁਕਤ ਜੀਵ ਫਿਰ ਭੀ ਮੁੜਕੇ ਜਨਮ ਲੈਂਦਾ ਹੈ, ਜਦ ਉਸਦਾ ਮੁਕਤੀ ਦਾ ਆਨੰਦ ਭੋਗਣਾ ਪੂਰਾ ਹੋ ਜਾਂਦਾ ਹੈ॥

**ਦੋਹਿਰਾ—ਇਸਨੂੰ ਸੁਣਕੇ ਹੋਇਆ ਮੈਂ ਅਤਿ ਮਨਹਿ ਹੈਰਾਨ।**
**ਇਹਕੀ ਸੁਵਾਮੀ ਆਖਿਆ ਅਪਨਾ ਭਾਰਾ ਗਯਾਨ॥ ੧੦॥**

ਏਹੋ ਜੇਹੀ ਬਾਤ ਤਾਂ ਕਰਦੇ ਨਹੀਂ ਅਜਾਨ।
ਅੱਜ ਤੀਕ ਨਾ ਵੇਦ ਵਿਚ ਨਾ ਦਰਸ਼ਨ ਪੌਰਾਨ॥੧੧॥

ਮੈਂ ਇਸ ਉੱਤਰ ਨੂੰ ਸੁਣਕੇ ਵੱਡਾ ਹੀ ਹੈਰਾਨ ਹੋਇਆ ਅਰ ਸੋਚਣ ਲੱਗਾ ਕਿ ਇਨ੍ਹਾਂ ਨੇ ਇਹ ਘਰ ਦਾ ਗੰਢ ਤ੍ਰੁੱਪ ਕਿਥੋਂ ਜੋੜ ਲੀਤਾ ਹੈ ਕਿਉਂਕਿ ਇਸ ਤਰ੍ਹਾਂ ਦਾ ਜੀਵ ਦਾ ਭਟਕਣਾ ਅਰ ਮੁਕਤ ਹੋ ਕੇ ਫੇਰ ਓਸੇ ਦੁਖ ਸੁਖ ਦੇ ਘਰ ਦੇਹ ਵਿਚ ਆਉਣਾ ਇਨ੍ਹਾਂ ਦੇ ਵੇਦ ਸ਼ਾਸਤ੍ਰ ਪੁਰਾਨ ਅਤੇ ਸ਼ੰਕ੍ਰਾਚਾਰਯ ਜੈਸੇ ਮਹਾਤਮਾ ਨੇ ਕਿਤੇ ਵੀ ਨਹੀਂ ਮੰਨਿਆ, ਅਰ ਅਜੇਹਾ ਯੁਕਤੀ ਉਕਤੀ ਵਿਰੁਧ ਮਤ ਅੱਜ ਤਕ ਕਿਸੇ ਭੀ ਆਚਾਰਯ ਵੱਲੋਂ ਨਹੀਂ ਸੁਣਿਆ, ਸੋ ਇਨ੍ਹਾਂ ਨੇ ਕਯਾ ਕੁੱਛੜ ਵਿਚੋਂ ਗੁਲੇਲਾ ਮਾਰਿਆ ਜਿਸਦਾ ਕੋਈ ਸੁਰ ਪਤਾ ਨਹੀਂ ਹੈ ?

ਪਰੰਤੂ ਫਿਰ ਭੀ ਮੈਂ ਇਹ ਆਖਯਾ ਕਿ ਸੁਵਾਮੀ ਜੀ ਆਪ ਦਾ ਸਿਧਾਂਤ ਸਾਰੇ ਪੁਰਾਣੇ ਵੇਦ ਮੰਨਣ ਵਾਲੇ ਰਿਖੀਆਂ ਮੁਨੀਆਂ ਤੇ ਉਲਟ ਅਰ ਯੁਕਤੀ ਹੀਨ ਹੈ, ਜਿਸ ਪਰ ਮੈਂ ਇਤਨਾ ਫਿਰ ਪ੍ਰਸ਼ਨ ਕਰਦਾ ਹਾਂ ਆਪ ਉੱਤਰ ਧੀਰਜ ਨਾਲ ਦੇਵੋ॥

ਪਹਿਲੇ ਮੁਕਤੀ ਦਾ ਸੁਖ ਕਯਾ ਵਸਤੂ ਹੈ ਅਰਥਾਤ ਇਹ ਇਸ ਤਰ੍ਹਾਂ ਹੈ ਕਿ ਜਿਸ ਤਰ੍ਹਾਂ ਕਦੀ ਜੇਹਲਖਾਨਯੋਂ ਨਿਕਲ ਕੇ ਨਿਰਬੰਧਤਾ ਦਾ ਸੁਖ ਭੋਗਦਾ ਹੈ ?

ਦੂਸਰਾ ਕਿਯਾ ਇਹ ਇਸ ਪ੍ਰਕਾਰ ਹੈ ਜਿਸ ਤਰ੍ਹਾਂ ਆਦਮੀ ਘਰ ਨੂੰ ਛੱਡ ਕੇ ਬਾਗ ਆਦਿਕ ਦੇ ਅਨੰਦ ਨੂੰ ਭੋਗਦਾ ਹੈ, ਸੋ ਇਸ ਤਰ੍ਹਾਂ ਇਹ ਆਤਮਾ ਦੇਹ ਦੇ ਜੇਹਲਖਾਨਯੋਂ ਛੁੱਟ ਕੇ ਖੁੱਲ੍ਹਾ ਰਹਿਣ ਦਾ ਸੁਖ ਦੇਖਦਾ ਹੈ ? ਯਾ ਅਪਨੇ ਇਸ ਸ਼ਰੀਰ ਦੇ ਘਰ ਨੂੰ ਤਯਾਗ ਕੇ ਕਿਸੇ ਮੁਕਤੀ ਦੇ ਆਨੰਦ ਨੂੰ ਲੈਂਦਾ ਹੈ ਅਰ ਓਹ ਆਨੰਦ ਕਿਸੇ ਖਾਸ ਜਗ੍ਹਾ ਪਰ ਹੈ ਜਿਸ ਤਰ੍ਹਾਂ ਕੋਈ ਅਜਾਇਬ ਘਰ ਹੁੰਦਾ ਹੈ ?

ਕਿੰਤੂ ਸਾਡੇ ਖਯਾਲ ਵਿਚ ਤਾਂ ਆਨੰਦ ਦੇ ਭੋਗਣ ਲਈ ਇਸ ਆਤਮਾ ਵਾਸਤੇ ਸ਼ਰੀਰ ਜੈਸਾ ਅੱਛਾ ਸਾਧਨ ਕੋਈ ਹੋਰ ਮਿਲਨਾ ਹੀ ਬਹੁਤ ਕਠਨ ਹੈ, ਕਿਉਂਕਿ ਇਸ ਸ਼ਰੀਰ ਵਿਚ ਤਾਂ ਇਹ ਅੱਖੀਂ ਨਾਲ ਦੇਖ ਸਕਦਾ ਹੈ, ਕੰਨਾਂ ਨਾਲ ਸੁਣ ਸਕਦਾ ਹੈ ਇਸੇ ਤਰ੍ਹਾਂ ਅਪਣੇ ਗਯਾਨ ਅਤੇ ਕਰਮ ਇੰਦ੍ਰਯਾਂ ਨਾਲ ਸਭ ਕੁਛ ਸੁਖ ਪਾ ਸਕਦਾ ਹੈ ਪਰੰਤੂ ਜਦ ਇਨ੍ਹਾਂ ਸਾਧਨਾਂ ਤੇ ਹੀਨ ਹੋ ਗਯਾ ਤਦ ਤਾਂ ਸੁੰਨ ਮੁੰਨ ਹੋ ਕੇ ਖਰਾਬ ਹੀ ਹੁੰਦਾ ਹੋਵੇਗਾ॥

ਅਰ ਜਿਸ ਤਰ੍ਹਾਂ ਨੀਂਦ ਅਤੇ ਮੂਰਛਾ ਵਿਚ ਬੇ ਖਬਰ ਜੇਹਾ ਹੋਕੇ ਪਿਆ ਰਹਿੰਦਾ ਹੈ ਇਸੇ ਤਰ੍ਹਾਂ ਮੌਤ ਦੀ ਨੀਂਦ ਵਿਚ ਬੇ ਖਬਰ ਹੋ ਕੇ ਪਿਆ ਰਹੇਗਾ॥

ਇਸ ਤੇ ਅੱਗੇ ਜੋ ਆਪ ਆਖਦੇ ਹੋ ਕਿ ਜਿਸ ਜਗ੍ਹਾ ਉਸ ਦੀ ਇੱਛਾ ਹੋਵੇ ਉਥੇ ਰਹਿੰਦਾ ਹੈ ਸੋ ਇਹ ਭੀ ਯੁਕਤੀ ਸਿੱਧ ਨਹੀਂ ਕਿਉਂਕਿ ਜਦ ਉਸ ਆਤਮਾ ਪਾਸ ਇੱਛਾ ਦੇ ਸਾਧਨ ਇੰਦਰੇ ਅਤੇ ਅੰਤਹ ਕਰਣ ਹੀ ਨਹੀਂ ਹਨ ਤਦ ਉਸਨੂੰ

ਇੱਛਾ ਕਿਥੋਂ ਹੋਣੀ ਹੈ ?

ਪਰ ਜੇ ਮੰਨ ਭੀ ਲਈਏ ਤਾਂ ਇਕ ਬਾਇ ਮਾਰਿਆਂ ਵਾਂਗ ਡਾਵਾਂ ਡੋਲ ਪਿਆ ਫਿਰਦਾ ਰਹੇਗਾ ਜਿਸ ਦਾ ਨਾ ਕੋਈ ਥਹੁ ਨਾ ਟਿਕਾਣਾ ਫਿਰ ਅਜੇਹੀ ਮੁਕਤੀ ਤੇ ਕਿਸੇ ਨੇ ਟਕੇ ਲੈਣੇ ਹਨ ? ਸਗੋਂ ਇਹ ਤਾਂ ਬਿਆਧੀ ਸਹੇੜਨੀ ਹੈ॥

ਦੂਸਰਾ ਜੋ ਆਪ ਨੇ ਚਾਰਵਾਕ ਨਾਲੋਂ ਅਪਨੇ ਮਤ ਵਿਚ ਜੀਵ ਦਾ ਮੁਕਤ ਹੋ ਕੇ ਫੇਰ ਜਨਮ ਪਾਉਣਾ ਦੱਸਿਆ ਹੈ ਅਰ ਮੁਕਤੀ ਦੇ ਸੁਖ ਦਾ ਅੰਤ ਮੰਨਿਆ ਹੈ ਸੋ ਇਹ ਹੀ ਉਸ ਵਿਚਾਰੇ ਜੀਵ ਨੂੰ ਇਕ ਪਸ਼ੂਆਂ ਦੀ ਪਦਵੀ ਦਿਤੀ ਹੈ ਜਿਸ ਤਰ੍ਹਾਂ ਜਦ ਪਸ਼ੂ ਦਾ ਰੱਸਾ ਗਲੋਂ ਲਾਹਕੇ ਉਸਨੂੰ ਮੁਕਤ ਕਰ ਦੇਈਦਾ ਹੈ ਤਦ ਉਹ ਸੁਤੰਤਰ ਜੰਗਲ ਵਿਚ ਜਿਥੇ ਚਾਹੁੰਦਾ ਹੈ ਫਿਰਦਾ ਹੈ ਫਿਰ ਜਦ ਉਸ ਅਵਾਰਾ ਗਰਦੀ ਦੇ ਸੁੱਖ ਨੂੰ ਭੋਗਦਾ ਭੋਗਦਾ ਥੱਕ ਜਾਂਦਾ ਹੈ ਤਕ ਫਿਰ ਮੁੜਕੇ ਓਸੇ ਖੁਰਲੀ ਪਰ ਆ ਕੇ ਓਸੇ ਰੱਸੇ ਨਾਲ ਬੰਧਿਆ ਜਾਂਦਾ ਹੈ ਇਸੇ ਤਰ੍ਹਾਂ ਇਹ ਜੀਵ ਭੀ ਸਰੀਰ ਦੇ ਰੱਸਿਓਂ ਛੁੱਟ ਕੇ ਪਿਆ ਭਰਮਦਾ ਫਿਰਦਾ ਹੈ ਅਰ ਮੁਕਤੀ ਦਾ ਸੁੱਖ ਭੋਗਦਾ ਹੈ ਪਰੰਤੂ ਜਦ ਉਹ ਸੁਖ ਪੂਰਾ ਹੋ ਜਾਂਦਾ ਹੈ ਤਦ ਮੁੜਕੇ ਓਸੇ ਤਰ੍ਹਾਂ ਸਰੀਰ ਦਾ ਰੱਸਾ ਗਲ ਵਿਚ ਪਾ ਬੈਠਦਾ ਹੈ।

ਉਸ ਪਸ਼ੂ ਨਾਲੋਂ ਇਸ ਮੁਕਤ ਜੀਵ ਵਿਚ ਇਤਨਾ ਫਰਕ ਹੁੰਦਾ ਹੈ ਕਿ ਉਹ ਤਾਂ ਓਸੇ ਰੱਸੇ ਨਾਲ ਮੁੜ ਕੇ ਬੰਨ੍ਹਿਆ ਜਾਂਦਾ ਹੈ ਅਰ ਇਹ ਮੁਕਤ ਆਤਮਾ ਅਜਿਹਾ ਪਸ਼ੂ ਹੈ ਜਿਸ ਨੂੰ ਭਾਂਤ ਭਾਂਤ ਦੇ ਰੱਸੇ ਮਿਲਦੇ ਰਹਿੰਦੇ ਹਨ ਜਿਨ੍ਹਾਂ ਦੇ ਪ੍ਰਤਾਪ ਨਾਲ ਕਦੇ ਘੋੜਾ ਬਣ ਜਾਂਦਾ ਹੈ ਕਦੇ ਗਧ੍ਹਾ ਹੋ ਜਾਂਦਾ ਹੈ ਫਿਰ ਕਦੇ ਮੁਕਤੀ ਦਾ ਸੁਖ ਭੋਗ ਕੇ ਕਬੂਤਰ ਆ ਹੁੰਦਾ ਹੈ। ਗੱਲ ਕਾਹਦੀ ਹੈ ਅਪਨੇ ਨਵੇਂ ਨਵੇਂ ਰੂਪ ਵਟਾਉਂਦਾ ਪਿਆ ਫਿਰਦਾ ਹੈ॥

ਮੈਂ ਇਤਨਾ ਆਖ ਕੇ ਫਿਰ ਤਲਾਬ ਦੇ ਉਤੇ ਇੱਲਾਂ ਉਡਦੀਆਂ ਨੂੰ ਦੇਖਕੇ ਕਿਹਾ ਕਿ ਸੁਵਾਮੀ ਜੀ ਦੇਖੋ ਖਾਂ ਤੁਸੀਂ ਤਾਂ ਪਹਿਚਾਨ ਸਕਦੇ ਹੋਵੋਗੇ ਜੋ ਕਿਤੇ ਇਹ ਇੱਲਾਂ ਓਹੋ ਮੁਕਤ ਪੁਰਖ ਤਾਂ ਨਹੀਂ ਹਨ ਜਿਨ੍ਹਾਂ ਦਾ ਤੁਸੀਂ ਕਥਨ ਕਰਦੇ ਹੋ, ਕਿ ਜਿਥੇ ਚਾਹੁਨ ਓਥੇ ਰਹਿ ਸਕਦੇ ਹਨ ਅਰ ਨਵੇਂ ਨਵੇਂ ਸ਼ਰੀਰ ਪਾ ਲੈਂਦੇ ਹਨ, ਸੋ ਸ਼ਾਇਦ ਆਪ ਨੂੰ ਵੇਦ ਪਾਠੀ ਜਾਣਕੇ ਦਰਸ਼ਨ ਲਈ ਆਈਆਂ ਹੋਣਗੀਆਂ॥

ਦੋਹਿਰਾ—ਇਤਨੇ ਆਖਨ ਪਰ ਭਏ ਗੁੱਸੇ ਸੁਵਾਮੀ ਸਾਧ।
ਥੋੜਾ ਹੀ ਬਾਕੀ ਰਿਹਾ ਵਧਨੇ ਵਿਚ ਵਿਖਾਧ॥੧੦॥
ਕਹਨ ਲਗੇ ਤੁਮ ਕਰਤ ਹੋ ਲੰਬੇ ਝਗੜੇ ਨਿਤ।
ਸੁਨ ਕਰ ਹਮਰਾ ਦੁਖਤ ਹੈ ਬਚਨ ਤੁਮਾਰੇ ਚਿੱਤ॥੧੧॥

ਭਾਵ—ਇਸ ਦਾ ਉੱਤਰ ਹੋਰ ਤਾਂ ਕੁਝ ਨਾ ਦਿਤਾ ਕੇਵਲ ਇਤਨਾ ਹੀ

ਆਖਯਾ ਕਿ ਤੁਸੀਂ ਲੰਬੇ ਝਗੜੇ ਛੇੜ ਦੇਂਦੇ ਹੋ ਇਸ ਵਾਸਤੇ ਸਾਡੇ ਚਿੱਤ ਨੂੰ ਤੁਹਾਡੇ ਕਥਨ ਤੇ ਅਸਚਰਜ ਹੁੰਦਾ ਹੈ॥

ਇਸ ਪਰ ਮੈਂ ਕਿਹਾ ਕਿ ਬਾਦਸ਼ਾਹ ਦੇ ਲੰਬੇ ਹੀ ਯੁੱਧ ਹੁੰਦੇ ਹਨ, ਹੋਰ "ਮਾੜਾ ਮਾੜਾ ਲੜੇ ਚੀਖ ਚੰਗਾੜਾ ਪੜੇ" ਵਾਲਾ ਕੰਮ ਨਹੀਂ ਹੁੰਦਾ ਜਿਸ ਤੇ ਆਪ ਨੂੰ ਘਬਰਾਉਣਾ ਨਹੀਂ ਚਾਹੀਦਾ॥

ਇਸ ਪਰ ਆਖਣ ਲੱਗੇ ਕਿ ਤੁਸੀਂ ਬਾਦਸ਼ਾਹ ਤਾਂ ਬਣ ਗਏ ਪਰ ਤੁਹਾਡੀ ਫੌਜ ਕਿੱਥੇ ਹੈ ? ਜਿਸ ਪਰ ਮੈਂ ਆਖਯਾ ਕਿ ਮੇਰੀ ਫੌਜ ਮਨ ਬੁਧਿ ਚਿੱਤ ਅਹੰਕਾਰ ਹੈ ਅਰ ਉਕਤੀ ਯੁਕਤੀ ਦੇ ਗੋਲੇ ਮਾਰ ਕੇ ਆਪ ਜੈਸੇ ਮਹਾਤਮਾ ਦੇ ਕਪੋਲ ਕਲਪਤ ਮਤਾਂ ਦੇ ਕਿਲੇ ਨੂੰ ਉਡਾਉਂਦੀ ਹੈ। ਕਯਾ ਆਪ ਦੇਖਦੇ ਨਹੀਂ ਜੋ ਮੇਰੀ ਫੌਜ ਕਯਾ ਕਰਦੀ ਹੈ ?

ਇਤਨੇ ਪਰ ਆਖਣ ਲੱਗੇ ਕਿ ਤੁਸੀਂ ਬਾਦਸ਼ਾਹ ਹੀ ਸਹੀ ਪਰ ਅਸੀਂ ਤਾਂ ਏਹੋ ਜਾਣਦੇ ਹਾਂ ਜੋ ਦੱਸ ਚੁਕੇ ਹਾਂ, ਜਿਸਦਾ ਉੱਤਰ ਮੈਂ ਇਤਨਾ ਦੇ ਕੇ ਆਪ ਕੁਛ ਨਹੀਂ ਜਾਣਦੇ ਉਠ ਖੜਾ ਹੋਯਾ ਅਰ ਉਹ ਬੰਗਾਲੀ ਬਾਬੂ ਭੀ ਮੇਰੇ ਨਾਲ ਹੀ ਤੁਰ ਆਇਆ, ਅਰ ਆਖਣ ਲੱਗਾ ਕਿ "ਮਾਲੂਮ ਨਹੀਂ ਜੋ ਸੁਵਾਮੀ ਜੀ ਨੇ ਉੱਤਰ ਕਯੋਂ ਨਾ ਦੀਆ" ਮੈਂ ਕਿਹਾ ਕਿ ਬਾਬੂ ਜੀ ਜੋ ਹੋਯਾ ਆਪ ਦੇ ਸਾਮ੍ਹਣੇ ਹੀ ਹੋਇਆ ਹੈ॥

SIKHBOOKCLUB.COM

ਇਹ ਮੇਰਾ ਅਖੀਰ ਦਾ ਉੱਤ੍ਰ ਪ੍ਰਸ਼ਨ ਸਾ ਜਿਸ ਪਰ ਉਨ੍ਹਾਂ ਦਾ ਮੁਕਤੀ ਵਾਲਾ ਖ਼ਯਾਲ ਭੀ ਅਯੁਕਤ ਦੇਖਯਾ॥

### *ਪੰਡਤ ਦਯਾ ਨੰਦ ਜੀ ਦੀ ਵਿਦਯਾ ਪਰ ਮੇਰੀ ਸੰਮਤੀ*

**ਦੋਹਿਰਾ—ਹੁਣ ਮੈਂ ਦੱਸਾਂ ਅੰਤ ਨੂੰ ਜੋ ਵਿੱਦਯਾ ਦਾ ਹਾਲ।**
**ਉਸ ਸਾਧੂ ਵਿਚ ਦੇਖਯਾ ਅਪਨੀਆਂ ਅੱਖਾਂ ਨਾਲ॥੧॥**
**ਜਿਸ ਨੂੰ ਸੁਨਕੇ ਵਿਗਯ ਜਨ ਸਮਝਣਗੇ ਮਨ ਸੱਤ।**
**ਭਾਵੇਂ ਮੰਨਣ ਨਾਂਹਿ ਉਹ ਜਿਨ ਘਟ ਨਾਹੀਂ ਮੱਤ॥੨॥**

ਭਾਵ—ਸੁਵਾਮੀ ਦਯਾਨੰਦ ਸਰਸਵਤੀ ਸਾਹਿਬ ਨੂੰ ਮੈਂ ਆਪਣੇ ਅੱਖੀਂ ਅੱਛੀ ਤਰ੍ਹਾਂ ਦੇਖਯਾ ਅਤੇ ਕੰਨੀਂ ਉਨ੍ਹਾਂ ਦੇ ਵੱਖਯਾਨ ਸੁਣੇ ਸਨ ਜਿਸਤੇ ਉਸ ਵੇਲੇ ਥੋਂ ਲੈ ਕੇ ਜੋ ਅੱਜ ਤਕ ਮੈਨੂੰ ਉਨ੍ਹਾਂ ਦੀ ਵਿੱਦਯਾ ਪਰ ਖਿਆਲ ਚੱਲਿਆ ਆਉਂਦਾ ਹੈ ਸੋ ਸਭਨਾਂ ਸੱਜਣਾਂ ਅਗੇ ਪ੍ਰਗਟ ਕਰਨਾ ਭੀ ਮੈਂ ਜ਼ਰੂਰੀ ਸਮਝਦਾ ਹਾਂ॥

ਪਹਿਲੇ ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਧਰਮਾਤਮਾ ਧਰਮ ਧੁਜਾ ਦੀ ਸ਼੍ਰੇਣੀ ਦੇ ਵਿਚ ਤਾਂ ਕਦੀ ਭੀ ਨਹੀਂ ਗਿਣ ਸਕਦਾ ਜਿਨ੍ਹਾਂ ਨੂੰ ਲੋਗ ਈਸ਼ਵਰ ਕੋਟੀ ਵਿਚ ਗਿਣਦੇ


www.sikhbookclub.com

ਹਨ ਯਾ ਜੋ ਖਾਸ ਉਪਦੇਸ਼ ਲੈ ਕੇ ਜਗਤ ਵਿਚ ਆਏ ਸਨ ਅਤੇ ਜਿਨ੍ਹਾਂ ਦੇ ਨਸ਼ਾਨ ਵੱਡੀ ਭਾਗੀਆਂ ਕੌਮਾਂ ਪ੍ਰਸਿੱਧ ਹਨ॥

ਦੂਸਰਾ ਮੈਂ ਉਨ੍ਹਾਂ ਨੂੰ ਐਸੇ ਵਿਦਵਾਨਾਂ ਦੀ ਉਸ ਸ਼੍ਰੇਣੀ ਵਿਚ ਭੀ ਸ਼ਾਮਲ ਕਰਦਾ ਲੱਜਤ ਹੁੰਦਾ ਹਾਂ ਜਿਹੜੀ ਹਿੰਦੂ ਲੋਗਾਂ ਵਿਚ ਹੀ ਵਿੱਦਯਾ ਦੀ ਭੰਡਾਰ ਸਮਝੀ ਜਾਂਦੀ ਹੈ ਜੈਸੇ ਕਿ ਛੇ ਸ਼ਾਸਤ੍ਰਾਂ ਦੇ ਵੱਡੇ ਪ੍ਰਸਿਧ ਕਰਤਾ ਛੇ ਰਿਖੀ, ਗੋਤਮ, ਕਪਲ, ਜੈਮਨਿ, ਪਤੰਜਲਿ, ਕਣਾਦਿ ਅਤੇ ਬਿਆਸ ਮੁਨਿ ਜੀ ਕਹੇ ਜਾਂਦੇ ਹਨ। ਇਸੀ ਪ੍ਰਕਾਰ ਨੀਤੀ ਕਰਤਾ ਮਨੂੰ ਜੀ, ਬਸ਼ਿਸ਼ਟ ਜੀ ਅਤੇ ਯਾਗਵਲਕ ਆਦਿਕ ਜੋ ਧਰਮ ਸ਼ਾਸਤਰ ਕਰਤਾ ਹੋਏ ਹਨ, ਕਿਉਂਕਿ ਉਨ੍ਹਾਂ ਮੁਨੀਆਂ ਦੇ ਬਣਾਏ ਹੋਏ ਦਰਸ਼ਨਾਂ ਨੂੰ ਅੱਜ ਤਕ ਕਿਸੇ ਵਿਦਵਾਨ ਨੇ ਭੀ ਆਪਣੀ ਰਚਨਾ ਨਾਲ ਲੱਜਤ ਨਹੀਂ ਕੀਤਾ ਅਰ ਬਿਆਸ ਜੀ ਨੇ ਜਿਤਨਾ ਅਪਨੀ ਉਮਰਾ ਵਿਚ ਕੰਮ ਕੀਤਾ ਹੈ ਸੋ ਦਸਦਾ ਹੈ ਕਿ ਦੁਨੀਆਂ ਦੇ ਕਿਸੇ ਪੰਡਤ ਨੇ ਭੀ ਨਹੀਂ ਕੀਤਾ; ਜੈਸਾ ਕਿ ਵੇਦ ਦਾ ਚਾਰ ਸ਼੍ਰੇਣੀਆਂ ਵਿਚ ਵੰਡਣਾ, ਵੇਦਾਂਤ ਸ਼ਾਸਤ੍ਰ ਦਾ ਰਚਨਾ, ਫਿਰ ਮਹਾਂ-ਭਾਰਤ ਅਤੇ 18 ਪੁਰਾਣ ਅਰ 18 ਉਪ ਪੁਰਾਣਾਂ ਦਾ ਬਨਾਉਣਾ ਸਾਬਤ ਕਰਦਾ ਹੈ ਕਿ ਇਸ ਦੁਨੀਆਂ ਪਰ ਉਹ ਇਕ ਅਦੁਤੀਯ ਪੰਡਤ ਸਾ, ਸਮਾਜੀ ਭਾਈਆਂ ਦਾ ਗੁਰੂ ਉਸ ਦੇ ਸਿਸ਼ਾਂ ਦੇ ਸਿਸ਼ਾਂ ਬਰਾਬਰ ਆਖਣਾ ਭੀ ਇਕ ਉਪਹਾਸ ਜੋਗ ਬਾਤ ਹੈ॥

ਫਿਰ ਸ਼ੰਕਰ ਜੀ ਜੈਸੇ ਪੂਰਨ ਵਿਦਵਾਨ ਦੇ ਸਾਮ੍ਹਣੇ ਭੀ ਜੇ ਕਦੇ ਦਯਾਨੰਦ ਜੀ ਦੀ ਵਿਦਯਾ ਦਾ ਮੁਕਾਬਲਾ ਕੀਤਾ ਜਾਏ ਤਾਂ ਭੀ ਇਸ ਤਰ੍ਹਾਂ ਸਮਝਿਆ ਜਾਏਗਾ ਜਿਸ ਤਰ੍ਹਾਂ ਅਮੋਲਕ ਰਤਨ ਦੇ ਨਾਲ ਇਕ ਬਲੌਰ ਦੇ ਥੇਵੇ ਦਾ ਮੁੱਲ ਹੁੰਦਾ ਹੈ ਜਿਸ ਤੇ ਮੈਂ ਸ੍ਰੀ ਸ਼ੰਕਰਾਚਾਰਯ ਦੇ ਨਾਮ ਨਾਲੋਂ ਭੀ ਇਨ੍ਹਾਂ ਦੇ ਨਾਮ ਨੂੰ ਜੁਦਾ ਰਖਣਾ ਹੀ ਅੱਛਾ ਜਾਣਦਾ ਹਾਂ॥

ਇਸ ਤੇ ਉੱਤਰ ਕੇ ਜੋ ਇਨ੍ਹਾਂ ਦੇ ਸਮਯਾਂ ਥੋਂ ਕੁਛ ਦਿਨ ਪਹਿਲੇ ਅਰ ਯਾ ਕੁਛ ਕਾਲ ਇਨ੍ਹਾਂ ਦੇ ਹੁੰਦਿਆਂ ਭੀ ਵਿਦਵਾਨ ਸੇ ਉਨ੍ਹਾਂ ਦੇ ਨਾਲ ਭੀ ਜੇ ਇਨ੍ਹਾਂ ਦਾ ਮੁਕਾਬਲਾ ਕੀਤਾ ਜਾਏ ਤਾਂ ਭੀ ਸਾਧੂ ਜੀ ਪੂਰੇ ਨਹੀਂ ਉਤਰਨਗੇ ਕਿਉਂਕਿ ਪੰਡਤ ਜੋਤੀ ਸਰੂਪ ਦੇ ਸਾਮ੍ਹਣੇ ਕਨਖੜ ਵਿਚ ਸੁਵਾਮੀ ਦਯਾਨੰਦ ਜੀ ਨੇ ਚੁਪ ਤੇ ਬਿਨਾਂ ਹੋਰ ਕੁਛ ਭੀ ਨਹੀਂ ਕੀਤਾ ਸਾ ਇਸੇ ਤਰ੍ਹਾਂ ਪੰਡਤ ਨਿਸਚਲ ਦਾਸ ਰਚਤ ਪੁਸਤਕਾਂ ਦੇ ਬਰਾਬਰ ਉਨ੍ਹਾਂ ਦੀ ਇਕ ਪੁਸਤਕ ਭੀ ਨਹੀਂ ਹੈ ਕਿ ਮੁਕਾਬਲਾ ਕਰ ਸਕੇ। ਇਹ ਬਾਤ ਕੋਈ ਪ੍ਰੋਖ ਨਹੀਂ ਹੈ ਇਸ ਲਈ ਜਿਸ ਨੂੰ ਸ਼ੰਕਾ ਹੋਵੇ ਸੋ ਇਕ ਪਾਸੇ ਸਾਧੂ ਦਯਾਨੰਦ ਜੀ ਦੇ ਸਤਯਾਰਥ ਪ੍ਰਕਾਸ਼ ਅਤੇ ਦੂਜੀ ਵੱਲ ਪੰਡਤ ਨਿਸਚਲ ਦਾਸ ਜੀ ਰਚਤ ਵਿਚਾਰ ਸਾਗਰ ਅਤੇ ਬ੍ਰਿਤੀ ਪ੍ਰਭਾਕਰ ਨੂੰ ਪੜ੍ਹਕੇ ਦੇਖ ਸਕਦਾ ਹੈ॥

**ਦੋਹਿਰਾ—ਫਿਰ ਇਹ ਆਪਣੀ ਬਾਤ ਪਰ ਰਹਿੰਦੇ ਨ ਸੀ ਪਰਪੱਕ।**


www.sikhbookclub.com

ਝੱਟ ਬਦਲਦੇ ਤੁਰਤੁ ਹੀ ਜਿਥੇ ਪੈਂਦਾ ਸ਼ੱਕ॥ ੩॥

ਭਾਵ—ਇਸ ਤੇ ਬਿਨਾਂ ਪੰਡਤ ਦਯਾਨੰਦ ਜੀ ਵਿਚ ਇਕ ਹੋਰ ਅਦਭੁਤ ਬਾਤ ਸੀ ਜੋ ਉਨ੍ਹਾਂ ਨੂੰ ਇਹ ਪਤਾ ਨਹੀਂ ਸਾ ਕਿ ਵੇਦਕ ਮਤ ਕਯਾ ਹੈ ਅਰ ਸਾਡਾ ਅਪਨਾ ਨਿਸਚਾ ਕਯਾ ਹੈ। ਜਿਸ ਤੇ ਉਹ ਅਪਨੇ ਪੁਸਤਕ ਸੱਤਯਾਰਥ ਪ੍ਰਕਾਸ਼ ਨੂੰ ਹਰ ਵੇਲੇ ਬਦਲਦੇ ਰਹਿੰਦੇ ਸਨ ਅਰ ਆਸ਼ਾ ਹੈ ਕਿ ਜੇ ਓਹ ਅੱਜ ਤਕ ਜ਼ਿੰਦੇ ਰਹਿੰਦੇ ਤਾਂ ਅੱਜ ਕੱਲ ਦੇ ਸਤਯਾਰਥ ਪ੍ਰਕਾਸ਼ ਨੂੰ ਭੀ ਅਦਲ ਬਦਲ ਕੇ ਪਹਿਲਯਾਂ ਦੀ ਤਰ੍ਹਾਂ ਕੁਝ ਦਾ ਕੁਝ ਕਰ ਦੇਂਦੇ, ਜਿਸ ਤੇ ਉਨ੍ਹਾਂ ਦਾ ਅਜੇ ਤਕ ਅਪਨਾ ਮਤ ਕੋਈ ਇਕ ਨਹੀਂ ਸਾ। ਇਕ ਵੇਰ ਉਨ੍ਹਾਂ ਨੇ ਬ੍ਰਹਮ ਸਮਾਜ ਦੇ ਮੰਦਰ ਵਿਚ ਵਿੱਖਯਾਨ ਦਿਤਾ ਜਿਸ ਵਿਚ ਇਹ ਸਾਬਤ ਕੀਤਾ ਕਿ ਸੂਰਜ ਪ੍ਰਿਥਵੀ ਦੇ ਗਿਰਦੇ ਭਰਮਨ ਕਰਦਾ ਹੈ। ਇਸ ਵਿਚ ਵੇਦਾਂ ਦੇ ਮੰਤਰ ਪੜ੍ਹ ਕੇ ਸੁਣਾਏ। ਪਰੰਤੂ ਜਦ ਡੇਰੇ ਆਏ ਤਦ ਲਾਲਾ ਸਾਈਂਦਾਸ ਜੀ ਪਰਲੋਕ ਵਾਸੀ ਨੇ ਕਿਹਾ ਕਿ ਸੁਵਾਮੀ ਜੀ ਅੱਜ ਕੱਲ ਦੀ ਵਿਦਯਾ ਤਾਂ ਪ੍ਰਿਥਵੀ ਨੂੰ ਭੌਂਦੀ ਦਸਦੀ ਹੈ ਜਿਸ ਤੇ ਲੋਗ ਵੇਦਾਂ ਨੂੰ ਅੱਛਾ ਨਹੀਂ ਜਾਨਣਗੇ। ਇਸ ਪਰ ਬੋਲੇ ਕਿ ਤੁਸੀਂ ਸਾਨੂੰ ਪਹਿਲੇ ਦੱਸਣਾ ਸਾ, ਜਿਸ ਤੇ ਹੁਣ ਕੱਲ ਨੂੰ ਇਸ ਦਾ ਖੰਡਨ ਕਰੇਂਗੇ॥

ਦੂਜੇ ਦਿਨ ਅਪਨੇ ਵਿਖਯਾਨ ਵਿਚ ਕਿਹਾ ਕਿ "ਜੋ ਅਸੀਂ ਕੱਲ ਦੇ ਵਿਖਯਾਨ ਦੁਆਰਾ ਧਰਤੀ ਖੜੀ ਅਰ ਸੂਰਜ ਭੌਂਦਾ ਦੱਸਿਆ ਹੈ ਸੋ ਵਾਦੀ ਦਾ ਕਥਨ ਸਾ ਜਿਸ ਤੇ ਓਹ ਵੇਦਾਂ ਮੰਤਰਾਂ ਦੇ ਇਸ ਤਰ੍ਹਾਂ ਅਰਥ ਕਰਦੇ ਹਨ ਪਰੰਤੂ ਅਸਲ ਵਿਚ ਇਨ੍ਹਾਂ ਮੰਤਰਾਂ ਤੇ ਸੂਰਜ ਫਿਰਦਾ ਨਹੀਂ ਸਿੱਧ ਹੁੰਦਾ ਕਿੰਤੂ ਧਰਤੀ ਭੌਂਦੀ ਹੈ।" ਅਸੀਂ ਉਨ੍ਹਾਂ ਦਾ ਨਿਸ਼ਚਾ ਇਸ ਤਰ੍ਹਾਂ ਨਾਲ ਦੇਖਿਆ ਹੈ ਜੋ ਪ੍ਰਪੱਕ ਨਹੀਂ ਸਾ॥

ਇਸ ਤੋਂ ਬਿਨਾਂ ਉਨ੍ਹਾਂ ਨੂੰ ਜਿਥੋਂ ਤਕ ਦੇਖਣ ਵਿਚ ਆਇਆ ਹੈ ਦਰਸ਼ਨ ਅਤੇ ਉਪਨਿਖਧਾਂ ਨਹੀਂ ਆਉਂਦੀਆਂ ਸਨ ਅਤੇ ਨਾ ਸਾਰੀਆਂ ਸਿੰਮ੍ਰਤੀਆਂ ਤੇ ਹੀ ਗਯਾਤ ਸਨ ਕਿੰਤੂ ਉਹ ਵੇਦਾਂ ਦਾ ਪਾਠ ਚੰਗਾ ਕਰਦੇ ਸੇ ਅਰ ਅਸ਼ਟਾ ਧਯਾਈ ਅਤੇ ਦਸ ਸਿੰਮ੍ਰਤੀਆਂ ਬਹੁਤ ਚੰਗੀਆਂ ਜਾਣਦੇ ਸੇ ਇਸ ਦਾ ਸਬੂਤ ਇਹੋ ਹੈ ਕਿ ਜਿਥੇ ਉਨ੍ਹਾਂ ਨੇ ਦਰਸ਼ਨ ਦਾ ਖੰਡਨ ਕਰਨਾ ਚਾਹਿਆ ਹੈ ਸੋ ਓਥੇ ਓਹ ਕੁਝ ਭੀ ਨਹੀਂ ਕਰ ਸਕੇ।

ਦੋਹਿਰਾ— ਜੇ ਕੋ ਪੁੱਛੇ ਮੁੱਝ ਨੂੰ ਇਹ ਸਭ ਆਪੋ ਧਾਪ।
ਆਇ ਪਈ ਇਸ ਦੇਸ ਵਿਚ ਹੈ ਕਿਸਦਾ ਪ੍ਰਤਾਪ॥ ੪॥

ਭਾਵ—ਜੇ ਕੋਈ ਮੈਨੂੰ ਇਹ ਪੁੱਛੇ ਕਿ ਜੇ ਉਨ੍ਹਾਂ ਦੀ ਵਿੱਦਯਾ ਬੁੱਧਿ ਦਾ ਇਹ ਹਾਲ ਸੀ ਤਾਂ ਇਸ ਦੇਸ ਵਿਚ ਇਹ ਸ਼ੋਰ ਸ਼ਰਾਬਾ ਕਯੋਂ ਪੈ ਗਿਆ ? ਇਸ ਦਾ

ਉੱਤਰ ਇਤਨਾ ਹੀ ਹੈ ਕਿ ਉਸ ਵੇਲੇ ਦੇ ਪੰਡਤ ਵੇਦ ਅਤੇ ਬਯਾਕਰ ਘੱਟ ਜਾਣਦੇ ਸੇ ਜਿਸ ਤੇ ਪੰਜਾਬ ਵਿਚ ਉਨ੍ਹਾਂ ਨੇ ਕਾਮਯਾਬੀ ਹਾਸਲ ਕਰ ਲਈ। ਜਿਸ ਦਾ ਕੇਵਲ ਸਬੂਤ ਇਹ ਹੈ ਕਿ ਦੱਖਣ ਅਤੇ ਬੰਗਾਲ ਵਿਚ ਉਨ੍ਹਾਂ ਨੂੰ ਕੋਈ ਭੀ ਨਹੀਂ ਜਾਣਦਾ॥

ਦੋਹਿਰਾ—ਇਹ ਮੇਰੀ ਹੈ ਸੰਮਤੀ ਉਸ ਦੀ ਵਿੱਦਯਾ ਹੇਤ।
ਜੇ ਅਤਬਾਰ ਨ ਆਵੰਦਾ ਖੋਜ ਲਵੋ ਸਭ ਭੇਦ॥੫॥
ਮਨ ਦੇ ਵਿੱਦਯਾ ਨੂੰ ਪੜ੍ਹੋ ਵੇਦ ਔਰ ਸਭ ਭਾਸ।
ਤਦ ਆਪੇ ਲਿਖ ਲੇਹੁਗੇ ਜੋ ਹੈ ਸੱਤ ਬਲਾਸ॥੬॥
ਨਾਲ ਦਯਾਨੰਦ ਸਾਧ ਦੇ ਇਹ ਹੋਏ ਪ੍ਰਸੰਗ।
ਜਿਸ ਨੂੰ ਪੜ੍ਹ ਕੇ ਸੱਜਣ ਜਨ ਮਨ ਮਹਿ ਹੋਵਨ ਦੰਗ॥੭॥
ਜੇ ਕਰ ਕੋਈ ਉਨ੍ਹਾਂ ਦਾ ਚੇਲਾ ਕਰੇ ਘਮੰਡ।
ਤਾਂ ਮੈਂ ਸਦ ਹੀ ਤਯਾਰ ਹਾਂ ਖੋਲਣ ਹੇਤ ਪਖੰਡ॥੮॥

SIKHBOOKCLUB.COM

 www.sikhbookclub.com